**SIMPLIFIED MATERIAL (2025-26)**
**ਸ਼੍ਰੇਣੀ: 7th ਵਿਸ਼ਾ: ਸਮਾਜਿਕ ਵਿਗਿਆਨ**

**ਭਾਗ-ੳ (ਭੂਗੋਲ)**

**ਬਹੁ-ਵਿਕਲਪੀ ਪ੍ਰਸ਼ਨ:-**

**1. ਧਰਤੀ ਦਾ ਉਹ ਕਿਹੜਾ ਮੰਡਲ ਹੈ, ਜਿਸ ਉੱਪਰ ਕੁਦਰਤੀ ਤੱਤਾਂ ਦਾ ਪ੍ਰਤੱਖ ਪ੍ਰਭਾਵ ਨਜ਼ਰ ਆਉਂਦਾ ਹੈ?**

ੳ) ਸਮਤਾਪ ਮੰਡਲ ਅ) ਅਸ਼ਾਂਤੀ ਮੰਡਲ **ੲ) ਜੀਵ ਮੰਡਲ** ਸ) ਸਮਵਰਤੀ ਮੰਡਲ

**2. ਸਭ ਤੋਂ ਵੱਧ ਨਿੱਕਲ ਧਰਤੀ ਦੀ ਕਿਸ ਪਰਤ ਵਿੱਚ ਪਾਇਆ ਜਾਂਦਾ ਹੈ?**

ੳ) ਸਿਆਲ ਅ) ਸੀਮਾ **ੲ) ਨਾਈਫ** ਸ) ਇਹਨਾਂ ਵਿੱਚੋਂ ਕੋਈ ਨਹੀਂ

**3. ਰੁੱਖ ਅਸੀਂ ਕਿਹੜੀਆਂ ਥਾਵਾਂ ਤੇ ਲਗਾ ਸਕਦੇ ਹਾਂ?**

ੳ) ਸੜਕ ਦੇ ਕਿਨਾਰਿਆਂ ਉੱਪਰ ਅ) ਪਿੰਡ ਦੀ ਖਾਲੀ ਸ਼ਾਮਲਾਟ ਜ਼ਮੀਨ 'ਤੇ

ੲ) ਪਾਰਕਾਂ ਵਿੱਚ **ਸ) ਉਪਰੋਕਤ ਸਾਰੇ**

**4. ਕਿਸੇ ਥਾਂ ਦੇ ਜੀਵ ਮੰਡਲ ਅਤੇ ਉੱਥੋਂ ਦੇ ਭੌਤਿਕ ਆਲੇ ਦੁਆਲੇ ਨੂੰ ਕੀ ਆਖਦੇ ਹਨ?**

**ੳ) ਪਰਿਸਥਿਤੀ** ਅ) ਵਾਯੂਮੰਡਲ ੲ) ਵਾਤਾਵਰਣ ਸ) ਜੀਵ ਮੰਡਲ

**5. ਤਸਵੀਰ ਦੇਖ ਕੇ ਦੱਸੋ ਕਿ ਇਸ ਵਿੱਚ ਕੀ ਵਿਖਾਇਆ ਗਿਆ ਹੈ?**



ੳ) ਵਾਯੂਮੰਡਲ

**ਅ) ਜੀਵ ਮੰਡਲ**

ੲ) ਜਲ ਮੰਡਲ

ਸ) ਥਲ ਮੰਡਲ

**6. ਹੇਠ ਲਿਖਿਆ ਵਿੱਚੋਂ ਕਿਹੜਾ ਕਥਨ ਸਹੀ ਹੈ?**

1. ਭਾਰਤ ਵਿੱਚ ਦੱਖਣੀ ਪਠਾਰ ਦੀਆਂ ਚੱਟਾਨਾਂ ਅਧਿਕਤਰ ਰੂਪਾਂਤਰਿਤ ਚੱਟਾਨਾਂ ਹੀ ਹਨ।
2. ਉਪਜਾਊ ਮਿੱਟੀ ਸਦਾ ਮਨੁੱਖ ਨੂੰ ਖਿੱਚ ਪਾਉਂਦੀ ਰਹੀ ਹੈ।

ੳ) ਕਥਨ 1 ਸਹੀ ਹੈ। ਅ) ਕਥਨ 2 ਸਹੀ ਹੈ। **ੲ) ਦੋਨੋਂ ਕਥਨ ਸਹੀ ਹਨ।** ਸ) ਦੋਨੋਂ ਕਥਨ ਗਲਤ ਹਨ।

**7. ਧਰਤੀ ਦੀ ਉੱਪਰਲੀ ਪਰਤ ਦੇ ਹੇਠਾਂ ਵੱਲ ਮੈਂਟਲ ਭਾਗ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਇਸ ਦੀ ਔਸਤਨ ਮੋਟਾਈ ਕਿੰਨੀ ਹੈ?**

ੳ) 2700 ਕਿਲੋਮੀਟਰ **ਅ) 2900 ਕਿਲੋਮੀਟਰ** ੲ) 3470 ਕਿਲੋਮੀਟਰ ਸ) 3200 ਕਿਲੋਮੀਟਰ

8. ਧਰਤੀ ਦਾ ਸਭ ਤੋਂ ਅੰਦਰੂਨੀ ਭਾਗ, ________________ ਭਾਗ ਅਖਵਾਉਂਦਾ ਹੈ

ੳ) ਨਾਈਫ ਅ) ਮੈਂਟਲ **ੲ) ਕੇਂਦਰੀ** ਸ) ਸੀਮਾ

**9. ਕਦੀ-ਕਦੀ ਪ੍ਰਿਥਵੀ ਦੇ ਅੰਦਰਲਾ ਮੈਗਮਾ ਭੂ-ਸਤਹਿ ਤੇ ਨਾ ਆ ਕੇ ਸਗੋਂ ਅੰਦਰ ਹੀ ਧਰਤੀ ਦੀਆਂ ਤਰੇੜਾਂ ਵਿੱਚ ਠੰਢਾ ਹੋ ਕੇ ਜੰਮ ਜਾਂਦਾ ਹੈ। ਅਜਿਹੀਆਂ ਚੱਟਾਨਾਂ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?**

**ੳ) ਪਾਤਾਲੀ ਅਗਨੀ ਚੱਟਾਨਾਂ** ਅ) ਮੱਧਵਰਤੀ ਅਗਨੀ ਚੱਟਾਨਾਂ

ੲ) ਬਾਹਰਵੇਧੀ ਅਗਨੀ ਚੱਟਾਨਾਂ ਸ) ਉਪਰੋਕਤ ਵਿੱਚੋਂ ਕੋਈ ਵੀ ਨਹੀਂ

**10. ਮਸ਼ੀਨਾਂ ਕਿਸ ਸ਼ਕਤੀ ਖਣਿਜ ਨਾਲ ਚੱਲਦੀਆਂ ਹਨ?**

ੳ) ਲੋਹਾ **ਅ) ਬਿਜਲੀ** ੲ) ਤਾਂਬਾ ਸ) ਮੈਂਗਨੀਜ਼

**11. ਹਵਾ ਵਿੱਚ ਸਭ ਤੋਂ ਘੱਟ ਮਾਤਰਾ ਕਿਸ ਗੈਸ ਦੀ ਹੈ?**

ੳ) ਆਰਗਨ ਅ) ਆਕਸੀਜਨ **ੲ) ਹਾਈਡ੍ਰੋਜਨ** ਸ) ਨਾਈਟ੍ਰੋਜਨ

**12. ਹੇਠ ਲਿਖਿਆਂ ਵਿੱਚੋਂ ਵਾਯੂਮੰਡਲ ਦਾ ਕਿਹੜਾ ਭਾਗ ਹਵਾਈ ਜਹਾਜ਼ਾਂ ਦੀ ਉਡਾਨ ਲਈ ਬਹੁਤ ਯੋਗ ਹੁੰਦਾ ਹੈ?**

ੳ) ਮੱਧਵਰਤੀ ਮੰਡਲ **ਅ) ਸਮਤਾਪ ਮੰਡਲ** ੲ) ਤਾਪ ਮੰਡਲ ਸ) ਅਸ਼ਾਂਤੀ ਮੰਡਲ

**13. ਵਾਯੂ ਮੰਡਲ ਦੀ 99% ਹਵਾ ਕਿੰਨੇ ਕਿਲੋਮੀਟਰ ਦੇ ਘੇਰੇ ਵਿੱਚ ਹੈ?**

ੳ) 25 ਕਿ.ਮੀ. ਅ) 40 ਕਿ.ਮੀ. ੲ) 27 ਕਿ.ਮੀ. **ਸ) 32 ਕਿ.ਮੀ.**

**14. ਹੇਠ ਲਿਖਿਆਂ ਵਿੱਚੋਂ ਕਿਹੜੇ ਤੱਤ ਕਿਸੇ ਸਥਾਨ ਦੇ ਤਾਪਮਾਨ ਨੂੰ ਪ੍ਰਭਾਵਿਤ ਕਰਦੇ ਹਨ?**

ੳ) ਸਮੁੰਦਰੀ ਤਲ ਤੋਂ ਦੂਰੀ ਅ) ਸਮੁੰਦਰੀ ਤਲ ਤੋਂ ਉੱਚਾਈ ੲ) ਭੂ-ਮੱਧ ਰੇਖਾ ਤੋਂ ਦੂਰੀ **ਸ) ਉਪਰੋਕਤ ਸਾਰੇ**

**15. ਵਾਯੂਮੰਡਲ ਦੇ ਕਿਸ ਮੰਡਲ ਦੀ ਉੱਪਰਲੀ ਸੀਮਾ ਨੂੰ ਸਮਤਾਪ ਸੀਮਾ(Tropopause) ਕਿਹਾ ਜਾਂਦਾ ਹੈ?**

**ੳ) ਸਮਤਾਪ ਮੰਡਲ** ਅ) ਤਾਪ ਮੰਡਲ ੲ) ਬਾਹਰੀ ਮੰਡਲ ਸ) ਮੱਧਵਰਤੀ ਮੰਡਲ

**16. ਇਹਨਾਂ ਦੇ ਮਿਲਣ ਨਾਲ ਸਮੋਗ ਬਣਦੀ ਹੈ। ਇਹ ਕੀ ਹਨ?**

ੳ) ਨਮੀ ਅਤੇ ਧੂੜ ਕਣ ਅ) ਧੂੰਆਂ ਅਤੇ ਧੂੜ ਕਣ **ੲ) ਧੂੰਆਂ ਅਤੇ ਧੁੰਦ** ਸ) ਉਪਰੋਕਤ ਕੋਈ ਨਹੀਂ

**17. ਕਿਸ ਸਾਗਰ ਦੇ ਪਾਣੀ ਵਿੱਚ ਲੂਣ ਦੀ ਮਾਤਰਾ ਸਭ ਤੋਂ ਵੱਧ ਹੈ?**

ੳ) ਲਾਲ ਸਾਗਰ **ਅ) ਮ੍ਰਿਤ ਸਾਗਰ** ੲ) ਕੈਸਪੀਅਨ ਸਾਗਰ ਸ) ਅਰਬ ਸਾਗਰ

**18. ਅਰਬ ਸਾਗਰ ਹੇਠ ਲਿਖਿਆਂ ਵਿੱਚੋਂ ਕਿਹੜੇ ਮਹਾਂਸਾਗਰ ਦਾ ਹਿੱਸਾ ਹੈ।**

ੳ) ਆਰਕਟਿਕ ਸਾਗਰ ਅ) ਅੰਧ ਮਹਾਂਸਾਗਰ ੲ) ਪ੍ਰਸ਼ਾਂਤ ਮਹਾਂਸਾਗਰ **ਸ) ਹਿੰਦ ਮਹਾਂਸਾਗਰ**

**19. ਹੇਠ ਲਿਖੀਆਂ ਸਾਗਰੀ ਧਾਰਾਵਾਂ ਵਿੱਚੋਂ ਕਿਹੜੀ ਅੰਧ ਮਹਾਂਸਾਗਰ ਦੀ ਧਾਰਾ ਨਹੀਂ ਹੈ?**

ੳ) ਬ੍ਰਾਜ਼ੀਲ ਦੀ ਧਾਰਾ ਅ) ਖਾੜੀ ਦੀ ਧਾਰਾ **ੲ) ਕਿਉਰੋਸ਼ੀਵੋ ਦੀ ਧਾਰਾ** ਸ) ਕਨੇਰੀ ਦੀ ਧਾਰਾ

**20. ਸਾਗਰ ਦੇ ਪਾਣੀ ਨੂੰ ਇੱਕ ਨਦੀ ਦਾ ਰੂਪ ਕੌਣ ਦਿੰਦਾ ਹੈ?**

ੳ) ਤਾਪਮਾਨ **ਅ.ਸਦੀਵੀਂ ਪੌਣਾਂ** ੲ) ਸਮੁੰਦਰਾਂ ਵਿੱਚ ਲੂਣ ਦੀ ਮਾਤਰਾ ਸ) ਉਪਰੋਕਤ ਸਾਰੇ

21. **ਹਿੰਦ ਮਹਾਂਸਾਗਰ ਵਿੱਚ 26 ਦਸੰਬਰ 2004 ਨੂੰ ਜ਼ਬਰਦਸਤ ਸੁਨਾਮੀ ਲਹਿਰਾਂ ਉੱਠੀਆਂ। ਇਨ੍ਹਾਂ ਸਮੁੰਦਰੀ ਲਹਿਰਾਂ ਨੇ ਹਿੰਦ ਮਹਾਂਸਾਗਰੀ ਦੇਸ਼ਾਂ ਵਿੱਚ ਤਬਾਹੀ ਲਿਆਂਦੀ। ਇਸ ਸੁਨਾਮੀ ਕਰਕੇ ਮਨੁੱਖੀ ਜੀਵਨ 'ਤੇ ਕੀ ਪ੍ਰਭਾਵ ਪਿਆ।**

**ੳ)** ਲੋਕ ਬੇਘਰ ਹੋ ਗਏ। **ਅ)** ਬਹੁਤ ਸਾਰੇ ਲੋਕ ਮਰ ਗਏ।

**ੲ)** ਕਈ ਮਕਾਨ ਅਤੇ ਇਮਾਰਤਾਂ ਡੁੱਬ ਗਏ। **ਸ) ਉਪਰੋਕਤ ਸਾਰੇ**

**22. ਭੂ-ਮੱਧ ਰੇਖੀ ਵਣਾਂ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ?**

ੳ) ਮਾਨਸੂਨੀ ਵਣ ਅ) ਨੁਕੀਲੇ ਪੱਤਿਆਂ ਵਾਲ਼ੇ ਵਣ

**ੲ) ਸਦਾ ਬਹਾਰ ਵਣ** ਸ)ਉਪਰੋਕਤ ਵਿੱਚੋਂ ਕੋਈ ਨਹੀਂ

**23. ਜੰਗਲਾਂ ਤੋਂ ਪ੍ਰਾਪਤ ਲੱਕੜੀ ਵਿੱਚੋਂ ਕਿੰਨ੍ਹੇ ਪ੍ਰਤੀਸ਼ਤ ਲੱਕੜੀ ਬਾਲਣ ਦੇ ਰੂਪ ਵਿੱਚ ਵਰਤੀ ਜਾਂਦੀ ਹੈ?**

ੳ) 30% ਅ) 40% **ੲ) 50%** ਸ.33%

**24.ਖੁਸ਼ਪ੍ਰੀਤ ਸਕੂਲ ਟ੍ਰਿਪ 'ਤੇ ਗੁਜਰਾਤ ਰਾਜ ਵਿੱਚ ਸਥਿੱਤ ਰਾਸ਼ਟਰੀ ਪਾਰਕ ਵੇਖਣ ਗਈ, ਜਿਹੜਾ ਭਾਰਤੀ ਬੱਬਰ ਸ਼ੇਰਾਂ ਲਈ ਪ੍ਰਸਿੱਧ ਹੈ? ਖੁਸ਼ਪ੍ਰੀਤ ਕਿਹੜੇ ਰਾਸ਼ਟਰੀ ਪਾਰਕ ਵਿੱਚ ਗਈ ਸੀ?**

ੳ) ਜਿਮ ਕਾਰਬੇਟ ਨੈਸ਼ਨਲ ਪਾਰਕ **ਅ) ਗਿਰ ਨੈਸ਼ਨਲ ਪਾਰਕ** ੲ) ਛੱਤਬੀੜ ਨੈਸ਼ਨਲ ਪਾਰਕ ਸ)ਰਾਜਾ ਜੀ ਨੈਸ਼ਨਲ ਪਾਰਕ

**25. ਧਰਤੀ ਉੱਪਰ ਕੁਦਰਤੀ ਬਨਸਪਤੀ ਦੀ ਵੰਡ ਇਕਸਾਰ ਨਹੀਂ ਹੈ। ਭਿੰਨ-ਭਿੰਨ ਅਕਸ਼ਾਸ਼ਾਂ ਤੇ ਭਿੰਨ-ਭਿੰਨ ਪ੍ਰਕਾਰ ਦੀ ਜਲਵਾਯੂ ਕਰਕੇ ਭਿੰਨ-ਭਿੰਨ ਪ੍ਰਕਾਰ ਦੀ ਕੁਦਰਤੀ ਬਨਸਪਤੀ ਮਿਲਦੀ ਹੈ। ਹੇਠ ਲਿਖਿਆਂ ਵਿੱਚੋਂ ਧਰਤੀ ਤੇ ਕੁਦਰਤੀ ਬਨਸਪਤੀ ਦਾ ਕਿਹੜਾ ਵਰਗ ਮਿਲਦਾ ਹੈ?**

ੳ) ਵਣ ਅ) ਘਾਹ ਦੇ ਮੈਦਾਨ ੲ)ਮਾਰੂਥਲੀ ਝਾੜੀਆਂ **ਸ) ਉਪਰੋਕਤ ਸਾਰੇ**

**26. ਸ਼ੁਰੂ ਵਿੱਚ ਮਨੁੱਖ ਇੱਕ ਜਗ੍ਹਾ ਟਿਕ ਕੇ ਨਹੀਂ ਰਹਿੰਦਾ ਸੀ। ਉਸ ਨੂੰ ਕੀ ਕਿਹਾ ਜਾਂਦਾ ਸੀ?**

**ੳ) ਖਾਨਾ-ਬਦੋਸ਼** ਅ) ਬੇ-ਘਰਾ ੲ) ਉਪਰੋਕਤ ਦੋਵੇਂ ਸ) ਉਪਰੋਕਤ ਕੋਈ ਨਹੀਂ

**27.ਕਿਸ ਮਾਧਿਅਮ ਰਾਹੀਂ ਸਭ ਤੋਂ ਤੇਜ਼ ਗਤੀ ਨਾਲ਼ ਸੂਚਨਾਵਾਂ ਦਾ ਆਦਾਨ-ਪ੍ਰਦਾਨ ਕੀਤਾ ਜਾ ਸਕਦਾ ਹੈ?**

ੳ)ਡਾਕ ਸੇਵਾ ਅ) ਟੈਲੀਗ੍ਰਾਮ **ੲ) ਇੰਟਰਨੈੱਟ** ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**28. ਭੂਮੀਗਤ ਰੇਲ ਸੇਵਾਵਾਂ ਨੂੰ ਕੀ ਕਿਹਾ ਜਾਂਦਾ ਹੈ?**

ੳ) ਸਾਈਬਰ ਕੈਫ਼ੇ **ਅ) ਮੈਟਰੋ ਰੇਲ** ੲ) ਸ਼ਤਾਬਦੀ ਰੇਲ ਸ) ਮੋਬਾਇਲ ਸੇਵਾ

**29. ਆਵਾਜਾਈ ਦਾ ਸਭ ਤੋਂ ਮਹਿੰਗਾ ਸਾਧਨ ਕਿਹੜਾ ਹੈ?**

ੳ) ਰੇਲ ਆਵਾਜਾਈ **ਅ) ਵਾਯੂ-ਮਾਰਗ ਆਵਾਜਾਈ** ੲ) ਸੜਕ ਆਵਾਜਾਈ ਸ) ਸਮੁੰਦਰੀ ਆਵਾਜਾਈ

**30. ਹਵਾਈ ਜਹਾਜ਼ ਆਵਾਜਾਈ ਦਾ ਮਹੱਤਵਪੂਰਣ ਸਾਧਨ ਹਨ। ਸਭ ਤੋਂ ਪਹਿਲਾਂ ਉੱਡਣ ਮਸ਼ੀਨ 1903 ਈ. ਵਿੱਚ ਬਣਾਈ ਗਈ। ਉਸ ਤੋਂ ਬਾਅਦ ਤਕਨੀਕੀ ਵਿਕਾਸ ਨਾਲ ਵੱਡੇ ਹਵਾਈ ਜਹਾਜ਼ ਹੋਂਦ ਵਿੱਚ ਆਏ। ਕੀ ਤੁਹਾਨੂੰ ਪਤਾ ਹੈ ਕਿ ਹਵਾਈ ਜਹਾਜ਼ ਦੀ ਖੋਜ ਕਿਸਨੇ ਕੀਤੀ?**

ੳ) ਵਾਈਟ ਬ੍ਰਦਰਜ਼ **ਅ) ਰਾਈਟ ਬ੍ਰਦਰਜ਼** ੲ) ਸੀ.ਵੀ. ਰਮਨ ਸ) ਆਈਨਸਟਾਇਨ

**31.ਭਾਰਤ ਵਿੱਚ ਹਵਾਈ ਮਾਰਗਾਂ ਦਾ ਬਹੁਤ ਮਹੱਤਵਪੂਰਣ ਸਥਾਨ ਹੈ। ਅੰਮ੍ਰਿਤਸਰ, ਦਿੱਲੀ, ਮੁੰਬਈ, ਕੋਲਕਾਤਾ ਅਤੇ ਚੇਨੱਈ ਭਾਰਤ ਦੇ ਪ੍ਰਮੁੱਖ ਹਵਾਈ ਅੱਡੇ ਹਨ। ਤੁਸੀਂ ਦੱਸੋ ਕਿ ਇਹਨਾਂ ਵਿੱਚੋਂ ਕਿਹੜੀਆਂ ਅੰਤਰਰਾਸ਼ਟਰੀ ਉਡਾਣਾਂ ਭਾਰਤੀ ਯਾਤਰੀਆਂ ਨੂੰ ਵੱਡੇ-ਵੱਡੇ ਸ਼ਹਿਰਾਂ ਵਿੱਚ ਲੈ ਕੇ ਜਾਂਦੀਆ ਹਨ?**

**ੳ) ਏਅਰ ਇੰਡੀਆ** ਅ) ਵਿਸਤਾਰਾ ੲ) ਇੰਡੀਗੋ ਸ) ਉਪਰੋਕਤ ਸਾਰੇ

## ਇੱਕ ਅੰਕ ਵਾਲੇ ਪ੍ਰਸ਼ਨ: (ਖਾਲੀ ਥਾਵਾਂ ਭਰੋ)

1. ਵਾਤਾਵਰਨ ਨੂੰ **ਚਾਰ** ਮੰਡਲਾਂ ਵਿੱਚ ਵੰਡਿਆ ਜਾਂਦਾ ਹੈ।
2. ਧਰਤੀ ਦੀ ਸਿਆਲ ਪਰਤ ਉਨ੍ਹਾਂ ਚੱਟਾਨਾਂ ਦੀ ਬਣੀ ਹੈ, ਜਿਸ ਵਿੱਚ **ਸਿਲੀਕਾਨ** ਅਤੇ **ਐਲੂਮੀਨੀਅਮ** ਤੱਤ ਵਧੇਰੇ ਹੁੰਦੇ ਹਨ।
3. ਧਰਤੀ ਦੀ ਨਾਈਫ਼ ਪਰਤ ਵਿੱਚ **ਨਿੱਕਲ** ਅਤੇ **ਲੋਹਾ** ਤੱਤ ਵਧੇਰੇ ਹੁੰਦੇ ਹਨ।
4. ਜੀਵ ਮੰਡਲ ਦੇ ਅਨੇਕ ਕਿਸਮ ਦੇ ਜੀਵ ਜੰਤੂਆਂ ਨੂੰ **ਜੀਵ-ਜਗਤ** ਆਖਦੇ ਹਨ।
5. ਧਰਤੀ ਦੀ ਸਤ੍ਹਾ ਦਾ **71%** ਭਾਗ ਪਾਣੀ ਨੇ ਘੇਰਿਆ ਹੋਇਆ ਹੈ।
6. ਜਿਉਂ-ਜਿਉਂ ਪਹਾੜਾਂ ਦੇ ਉੱਪਰ ਚੜ੍ਹਦੇ ਹਾਂ, ਤਾਪਮਾਨ **ਘੱਟਦਾ** ਜਾਂਦਾ ਹੈ।
7. ਧਰਤੀ ਤੇ ਤਾਪਮਾਨ ਦੇ ਮੁੱਖ ਸੋਮੇ **ਸੂਰਜ** ਅਤੇ **ਧਰਤੀ ਦੇ ਅੰਦਰੂਨੀ ਭਾਗ** ਹਨ।
8. ਓਜ਼ੋਨ ਗੈਸ **ਪਰਾਂਬੈਂਗਣੀ** ਕਿਰਨਾਂ ਨੂੰ ਆਪਣੇ ਵਿੱਚ ਸਮਾ ਲੈਂਦੀ ਹੈ।
9. ਬਿਜਲਈ ਅਣੂ **ਆਇਨ ਜਾਂ ਤਾਪ** ਮੰਡਲ ਵਿੱਚ ਪਾਏ ਜਾਂਦੇ ਹਨ।
10. ਵਾਇਰਲੈੱਸ ਸੰਚਾਰ ਪ੍ਰਣਾਲੀ **ਰੇਡੀਓ** ਤਰੰਗਾਂ ਦੇ ਆਧਾਰ 'ਤੇ ਕੰਮ ਕਰਦੀ ਹੈ।
11. ਵਾਯੂਮੰਡਲ ਵਿੱਚ ਸਭ ਤੋਂ ਵੱਧ ਮਾਤਰਾ **ਨਾਈਟ੍ਰੋਜਨ** ਗੈਸ ਦੀ ਹੁੰਦੀ ਹੈ।

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-

**1. ਵਾਤਾਵਰਨ ਤੋਂ ਕੀ ਭਾਵ ਹੈ?**

ਉੱਤਰ- ਵਾਤਾਵਰਨ ਤੋਂ ਭਾਵ ਸਾਡੇ ਆਲੇ-ਦੁਆਲੇ ਤੋਂ ਹੈ। ਇਸ ਵਿੱਚ ਧਰਾਤਲ ਅਤੇ ਜਲਵਾਯੂ ਆਦਿ ਤੱਤ ਸ਼ਾਮਿਲ ਹੁੰਦੇ ਹਨ।

**2. ਵਾਤਾਵਰਨ ਦੇ ਮੁੱਖ ਮੰਡਲ ਕਿਹੜੇ ਹਨ?**

ਉੱਤਰ- ਵਾਤਾਵਰਨ ਦੇ ਮੁੱਖ ਮੰਡਲ ਹਨ:

1. ਵਾਯੂਮੰਡਲ 2. ਥਲ ਮੰਡਲ 3. ਜਲ ਮੰਡਲ 4. ਜੀਵ ਮੰਡਲ

**3. ਧਰਤੀ ਦੀਆਂ ਪਰਤਾਂ ਦੇ ਨਾਂ ਲਿਖੋ।**

ਉੱਤਰ- 1. ਸਿਆਲ(SIAL)-ਸਿਲੀਕਾਨ (Si)+ ਐਲੂਮੀਨੀਅਮ(Al)

2. ਸੀਮਾ (SIMA)-ਸਿਲੀਕਾਨ (Si)+ ਮੈਗਨੀਸ਼ੀਅਮ (Mg)

3. ਨਾਈਫ (NiFe)- ਨਿੱਕਲ(Ni)+ ਲੋਹਾ(Fe)

**4. ਧਰਤੀ ਦੇ ਕਿੰਨੇ ਖੋਲ (ਪਰਤਾਂ) ਹਨ? ਇਹਨਾਂ ਦੇ ਨਾਂ ਦੱਸੋ।**

ਉੱਤਰ- ਧਰਤੀ ਦੇ ਤਿੰਨ ਖੋਲ ਹਨ- ਪੇਪੜੀ (SIAL), ਮੈਂਟਲ (SIMA), ਕੋਰ (NiFe)।

**5. ਧਰਤੀ ਤੇ ਕਿੰਨ੍ਹੇ ਪ੍ਰਕਾਰ ਦੀਆਂ ਚੱਟਾਨਾਂ ਪਾਈਆਂ ਜਾਂਦੀਆਂ ਹਨ?**

ਉੱਤਰ- ਧਰਤੀ ਤੇ ਤਿੰਨ ਪ੍ਰਕਾਰ ਦੀਆਂ ਚੱਟਾਨਾਂ ਪਾਈਆਂ ਜਾਂਦੀਆਂ ਹਨ- ਅਗਨੀ ਚੱਟਾਨਾਂ, ਤਲਛੱਟੀ ਜਾਂ ਤਹਿਦਾਰ ਚੱਟਾਨਾਂ ਅਤੇ ਰੂਪਾਂਤਰਿਤ ਚੱਟਾਨਾਂ।

**6. ਧਰਤੀ ਦੇ ਅੰਦਰੂਨੀ ਭਾਗ ਨੂੰ ਕੀ ਕਹਿੰਦੇ ਹਨ? ਇਹ ਕਿਹੜੇ-ਕਿਹੜੇ ਤੱਤਾਂ ਦਾ ਬਣਿਆ ਹੋਇਆ ਹੈ ?**

ਉੱਤਰ- ਧਰਤੀ ਦਾ ਅੰਦਰੂਨੀ ਭਾਗ, ਕੇਂਦਰੀ ਭਾਗ ਅਖਵਾਉਂਦਾ ਹੈ। ਇਸ ਦੀ ਮੋਟਾਈ ਲਗਭਗ 3470 ਕਿਲੋਮੀਟਰ ਤੱਕ ਹੈ। ਇਸ ਕੇਂਦਰੀ ਭਾਗ ਨੂੰ ਨਾਈਫ (NiFe) ਕਹਿੰਦੇ ਹਨ। ਇਸ ਵਿੱਚ ਨਿੱਕਲ ਅਤੇ ਲੋਹ ਤੱਤ ਵਧੇਰੇ ਮਤਾਰਾ ਵਿੱਚ ਪਾਏ ਜਾਂਦੇ ਹਨ।

**7. ਧਰਤੀ ਦੇ ਮੈਂਟਲ ਭਾਗ ਬਾਰੇ ਲਿਖੋ।**

ਉੱਤਰ- ਧਰਤੀ ਦੀ ਉੱਪਰਲੀ ਪਰਤ ਦੇ ਹੇਠਾਂ ਵੱਲ ਮੈਂਟਲ ਭਾਗ ਹੈ। ਜਿਸ ਦੀ ਔਸਤਨ ਮੋਟਾਈ 2900 ਕਿਲੋਮੀਟਰ ਹੈ। ਧਰਤੀ ਦੀ ਇਸ ਪਰਤ ਵਿੱਚ ਸਿਲੀਕਾਨ ਅਤੇ ਮੈਗਨੀਸ਼ੀਅਮ ਦੇ ਤੱਤ ਵਧੇਰੇ ਹੋਣ ਕਰਕੇ ਇਸਨੂੰ ਸੀਮਾ (SIMA) ਕਹਿੰਦੇ ਹਨ।

**8. ਵਾਯੂਮੰਡਲ ਕਿਸ ਨੂੰ ਕਹਿੰਦੇ ਹਨ?**

ਉੱਤਰ- ਧਰਤੀ ਦੇ ਆਲੇ-ਦੁਆਲੇ ਹਵਾ ਦਾ ਗਿਲਾਫ਼ ਹੈ। ਹਵਾ ਦੇ ਇਸ ਗਿਲਾਫ਼ ਨੂੰ ਵਾਯੂਮੰਡਲ ਆਖਦੇ ਹਨ। ਇਹ ਗਿਲਾਫ਼ 1600 ਕਿਲੋਮੀਟਰ ਦੀ ਉੱਚਾਈ ਤੱਕ ਹੈ, ਪਰੰਤੂ 99% ਹਵਾ 32 ਕਿਲੋਮੀਟਰ ਤੱਕ ਦੇ ਘੇਰੇ ਵਿੱਚ ਹੀ ਹੈ।

**9. ਭੂਗੋਲ ਵਿੱਚ ਅਸੀਂ ਵਾਯੂਮੰਡਲ ਦਾ ਅਧਿਐਨ ਕਿਉਂ ਕਰਦੇ ਹਾਂ?**

ਉੱਤਰ- ਭੂਗੋਲ ਵਿੱਚ ਅਸੀਂ ਵਾਯੂਮੰਡਲ ਦਾ ਅਧਿਐਨ ਇਸ ਲਈ ਕਰਦੇ ਹਾਂ ਕਿਉਂਕਿ ਵਾਯੂਮੰਡਲ ਧਰਤੀ 'ਤੇ ਹਰ ਤਰ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ।

**10. ਵਾਯੂਮੰਡਲ ਦੀਆਂ ਤਹਿਆਂ ਦੇ ਨਾਂ ਲਿਖੋ।**

ਉੱਤਰ- ਵਾਯੂਮੰਡਲ ਦੀਆਂ ਚਾਰ ਮੁੱਖ ਤਹਿਆਂ ਹਨ :-

**1.** ਅਸ਼ਾਤੀ ਮੰਡਲ **2.** ਸਮਤਾਪ ਮੰਡਲ **3.** ਮੱਧਵਰਤੀ ਮੰਡਲ **4.** ਤਾਪ ਮੰਡਲ

**11. ਬਾਹਰੀ ਮੰਡਲ ਤੋਂ ਕੀ ਭਾਵ ਹੈ?**

ਉੱਤਰ- ਵਾਯੂਮੰਡਲ ਦੀ ਬਾਹਰੀ ਪਰਤ ਨੂੰ ਬਾਹਰੀ ਮੰਡਲ (Exosphere) ਕਹਿੰਦੇ ਹਨ। ਇਸ ਪਰਤ ਵਿੱਚ ਹਾਈਡ੍ਰੋਜਨ ਅਤੇ ਹੀਲੀਅਮ ਗੈਸਾਂ ਹੁੰਦੀਆਂ ਹਨ।

**12. ਵਾਯੂਮੰਡਲ ਵਿੱਚ ਗੈਸਾਂ ਤੋਂ ਇਲਾਵਾ ਹੋਰ ਕਿਹੜੇ ਅੰਸ਼ ਪਾਏ ਜਾਂਦੇ ਹਨ ?**

ਉੱਤਰ- ਵਾਯੂਮੰਡਲ ਵਿੱਚ ਗੈਸਾਂ ਤੋਂ ਇਲਾਵਾ ਜਲ-ਵਾਸ਼ਪ ਅਤੇ ਧੂੜ ਕਣ ਪਾਏ ਜਾਂਦੇ ਹਨ।

**13. ਹਵਾ ਦਾ ਪ੍ਰਦੂਸ਼ਣ ਕਿਸਨੂੰ ਆਖਦੇ ਹਨ?**

ਉੱਤਰ- ਹਰੇਕ ਸਾਲ ਹਜ਼ਾਰਾਂ ਟਨ ਸਥੂਲ ਪਦਾਰਥ ਵਾਯੂਮੰਡਲ ਵਿੱਚ ਜਮ੍ਹਾਂ ਹੁੰਦੇ ਹਨ ਜਿਹੜੇ ਕੁਦਰਤੀ ਨਹੀਂ ਹੁੰਦੇ। ਵਾਯੂਮੰਡਲ ਵਿੱਚਲੀ ਇਸ ਬਨਾਵਟੀ ਸਥੂਲਤਾ ਨੂੰ ਹਵਾ ਦਾ ਪ੍ਰਦੂਸ਼ਣ ਆਖਦੇ ਹਨ।

**14. ਤਾਪਮਾਨ ਕੀ ਹੁੰਦਾ ਹੈ? ਇਸ ਨੂੰ ਮਾਪਣ ਲਈ ਕਿਹੜੇ ਪੈਮਾਨੇ ਵਰਤੇ ਜਾਂਦੇ ਹਨ?**

ਉੱਤਰ-ਕਿਸੇ ਜੀਵ, ਵਸਤੂ ਜਾਂ ਜਗ੍ਹਾਂ ਅੰਦਰ ਮੌਜੂਦ ਗਰਮੀ ਨੂੰ ਉਸਦਾ ਤਾਪਮਾਨ ਕਿਹਾ ਜਾਂਦਾ ਹੈ। ਤਾਪਮਾਨ ਨੂੰ ਮਾਪਣ ਲਈ ਦੋ ਪੈਮਾਨੇ ਵਰਤੇ ਜਾਂਦੇ ਹਨ- ਸੈਲਸੀਅਸ ਪੈਮਾਨਾ (C) ਅਤੇ ਫਾਰਨਹੀਟ (F) ਪੈਮਾਨਾ।

**15. ਭੂ-ਮੱਧ ਰੇਖਾ ਤੇ ਤਾਪਮਾਨ ਵੱਧ ਕਿਉਂ ਹੁੰਦਾ ਹੈ?**

ਉੱਤਰ- ਭੂ-ਮੱਧ ਰੇਖਾ 'ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ। ਇਸ ਲਈ ਇੱਥੇ ਤਾਪਮਾਨ ਵਧੇਰੇ ਹੁੰਦਾ ਹੈ।

**16. ਸਾਗਰੀ ਪਾਣੀ ਖਾਰਾ ਕਿਉਂ ਹੁੰਦਾ ਹੈ?**

ਉੱਤਰ- ਸਾਗਰੀ ਪਾਣੀ ਵਿੱਚ ਕਈ ਕਿਸਮ ਦੇ ਲੂਣ ਘੁਲੇ ਹੁੰਦੇ ਹਨ, ਇਸ ਕਰਕੇ ਸਾਗਰੀ ਪਾਣੀ ਖਾਰਾ ਹੁੰਦਾ ਹੈ। ਆਮ ਕਰਕੇ ਖੁੱਲ੍ਹੇ ਸਮੁੰਦਰਾਂ ਵਿੱਚ ਲੂਣ ਦੀ ਮਾਤਰਾ 3.5% (ਇੱਕ ਲੀਟਰ ਪਾਣੀ ਵਿੱਚ 35 ਗ੍ਰਾਮ) ਤੱਕ ਹੁੰਦੀ ਹੈ।

**17. ਨਿਊਫ਼ਾਊਂਡਲੈਂਡ ਕੋਲ ਹਰ ਸਮੇਂ ਭਾਰੀ ਧੁੰਦ ਕਿਉਂ ਰਹਿੰਦੀ ਹੈ?**

ਉੱਤਰ- ਜਿਸ ਸਥਾਨ ਤੇ ਗਰਮ ਤੇ ਠੰਢੀ ਧਾਰਾ ਆਪਸ ਵਿੱਚ ਮਿਲਦੀ ਹੈ ਉੱਥੇ ਸੰਘਣੀ ਧੁੰਦ ਪੈਂਦੀ ਹੈ। ਉੱਤਰੀ ਅਮਰੀਕਾ ਦੇ ਪੂਰਬੀ ਤੱਟ ਕੋਲ ਨਿਊਫ਼ਾਊਂਡਲੈਂਡ ਦੇ ਨੇੜੇ ਲੈਬਰੇਡਾਰ ਦੀ ਠੰਢੀ ਧਾਰਾ ਅਤੇ ਖਾੜੀ ਦੀ ਗਰਮ ਧਾਰਾ ਦੇ ਮਿਲਣ ਕਾਰਨ ਇੱਥੇ ਹਰ ਸਮੇਂ ਭਾਰੀ ਧੁੰਦ ਰਹਿੰਦੀ ਹੈ।

**18. ਖਾੜੀ ਦੀ ਧਾਰਾ ਦੇ ਮਾਰਗ ਦਾ ਵਰਨਣ ਕਰੋ।**

ਉੱਤਰ- ਖਾੜੀ ਦੀ ਧਾਰਾ ਮੈਕਸੀਕੋ ਦੀ ਖਾੜੀ ਤੋਂ ਸ਼ੁਰੂ ਹੋ ਕੇ ਨਿਊਫ਼ਾਊਂਡਲੈਂਡ ਦੇ ਟਾਪੂਆਂ ਤੱਕ ਪੁੱਜਦੀ ਹੈ। ਇਹ ਸੰਸਾਰ ਦੀ ਸਭ ਤੋਂ ਮਹੱਤਵਪੂਰਨ ਗਰਮ ਜਲ ਧਾਰਾ ਹੈ।

**19. ਉੱਤਰੀ ਸ਼ਾਂਤ ਮਹਾਂਸਾਗਰ ਚੱਕਰ ਦੀਆਂ ਧਾਰਾਵਾਂ ਦੇ ਨਾਂ ਲਿਖੋ।**

ਉੱਤਰ- 1. ਕੁਰੋਸ਼ੀਵੋ ਦੀ ਧਾਰਾ( ਜਾਪਾਨ ਦੀ ਧਾਰਾ)

2. ਕਾਮਚਟਕਾ ਦੀ ਧਾਰਾ (ਓਖੋਤੋਸਕ ਦੀ ਧਾਰਾ)

3. ਕੈਲੇਫੋਰਨੀਆ ਦੀ ਧਾਰਾ

20. **ਸੁਨਾਮੀ ਤੋਂ ਕੀ ਭਾਵ ਹੈ**?

ਉੱਤਰ- ਸੁਨਾਮੀ ਜਿਸਨੂੰ ਅੰਗਰੇਜ਼ੀ ਵਿੱਚ Tsunami ਕਿਹਾ ਜਾਂਦਾ ਹੈ, ਇਹ ਜਾਪਾਨੀ ਸ਼ਬਦ ਜੋ ਕਿ ਦੋ ਸ਼ਬਦਾਂ ਤੋਂ ਮਿਲਕੇ ਬਣਿਆ ਹੈ Tsu ਅਤੇ nami । Tsu ਦਾ ਅਰਥ ਹੈ ਕੰਢਾ ਅਤੇ nami ਦਾ ਅਰਥ ਹੈ ਪਾਣੀ। ਇਸ ਲਈ ਸੁਨਾਮੀ ਦਾ ਅਰਥ ਸਮੁੰਦਰ ਦੇ ਕੰਢਿਆਂ'ਤੇ ਟਕਰਾਉਣ ਵਾਲੀਆਂ ਲੰਮੀਆਂ ਉੱਚੀਆਂ ਸਮੁੰਦਰੀ ਛੱਲਾਂ ਤੋਂ ਹੈ।

21. **ਕੁਦਰਤੀ ਬਨਸਪਤੀ ਤੋਂ ਕੀ ਭਾਵ ਹੈ**?

ਉੱਤਰ-ਕੁਦਰਤੀ ਬਨਸਪਤੀ ਤੋਂ ਭਾਵ ਉਨ੍ਹਾਂ ਜੜ੍ਹੀ-ਬੂਟੀਆਂ ਅਤੇ ਰੁੱਖਾਂ ਤੋਂ ਹੈ ਜਿਹੜੀ ਆਪਣੇ ਆਪ ਮਨੁੱਖ ਦੀ ਕੋਸ਼ਿਸ ਤੋਂ ਬਿਨ੍ਹਾਂ ਉੱਗ ਜਾਂਦੀ ਹੈ।

22. **ਕੁਦਰਤੀ ਬਨਸਪਤੀ ਨੂੰ ਕਿੰਨ੍ਹੇ ਭਾਗਾਂ ਵਿੱਚ ਵੰਡਿਆ ਗਿਆ ਹੈ**?

ਉੱਤਰ- ਕੁਦਰਤੀ ਬਨਸਪਤੀ ਨੂੰ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ -

1. ਵਣ 2. ਘਾਹ ਦੇ ਮੈਦਾਨ 3. ਮਾਰੂਥਲੀ ਝਾੜੀਆਂ

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਤੋਂ 50 ਸ਼ਬਦਾਂ ਵਿੱਚ ਦਿਓ :

1. **ਮਨੁੱਖ, ਵਾਤਾਵਰਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?**

ਉੱਤਰ- ਮਨੁੱਖ ਵਾਤਾਵਰਨ ਨੂੰ ਕਈ ਢੰਗਾਂ ਨਾਲ ਪ੍ਰਭਾਵਿਤ ਕਰ ਰਿਹਾ ਹੈ:-

।. ਖੇਤੀ ਕਰਨ ਅਤੇ ਰਹਿਣ ਲਈ ਜ਼ਮੀਨ ਪ੍ਰਾਪਤ ਕਰਨ ਲਈ ਜੰਗਲਾਂ ਨੂੰ ਕੱਟ ਦਿੱਤਾ ਹੈ।

2. ਮਨੁੱਖ ਨੇ ਨਦੀਆਂ 'ਤੇ ਬੰਨ੍ਹ ਬਣਾ ਕੇ ਪਾਣੀ ਨੂੰ ਨਹਿਰਾਂ ਦੁਆਰਾ ਮਾਰੂਥਲਾਂ ਤੱਕ ਪਹੁੰਚਾ ਦਿੱਤਾ ਹੈ।

3. ਖਣਿਜ ਪਦਾਰਥ ਪ੍ਰਾਪਤ ਕਰਨ ਲਈ ਖਾਣਾਂ ਦੀ ਖੁਦਾਈ ਕਰਕੇ।

4. ਉਦਯੋਗਿਕ ਖੇਤਰਾਂ ਦਾ ਵਿਕਾਸ ਕਰਕੇ।

2. **ਧਰਤੀ ਨੂੰ ਭੋਂ-ਖੁਰਨ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ?**

ਉੱਤਰ- ਭੋਂ-ਖੁਰਨ ਧਰਤੀ ਦੀ ਇੱਕ ਗੰਭੀਰ ਸਮੱਸਿਆ ਹੈ। ਇਸ ਸਮੱਸਿਆ ਨੂੰ ਹੇਠ ਲਿਖੇ ਢੰਗਾਂ ਨਾਲ ਬਚਾਇਆ ਜਾ ਸਕਦਾ ਹੈ-

1. ਵੱਧ ਤੋਂ ਵੱਧ ਦਰੱਖਤ ਲਗਾ ਕੇ।

2. ਖੇਤੀਬਾੜੀ ਦੇ ਵਧੀਆਂ ਢੰਗ ਅਪਣਾ ਕੇ।

3. ਖੁੱਲ੍ਹੇ ਵਿੱਚ ਪਸ਼ੂ ਚਰਾਉਣਾ ਘਟਾ ਕੇ।

3. **ਤਰਲ ਸੋਨਾ ਕਿਸਨੂੰ ਆਖਦੇ ਹਨ ? ਇਸ ਬਾਰੇ ਜਾਣਕਾਰੀ ਦਿਓ ।**

ਉੱਤਰ- ਖਣਿਜ ਤੇਲ ਨੂੰ ਤਰਲ ਸੋਨਾ ਜਾਂ ਪੈਟਰੋਲੀਅਮ ਨੂੰ ਕਿਹਾ ਜਾਂਦਾ ਹੈ। ਇਸ ਨੂੰ ਚਾਲਕ ਸ਼ਕਤੀ ਵੀ ਆਖਦੇ ਹਨ। ਇਸ ਦੀ ਉਦਯੋਗਾਂ ਅਤੇ ਆਵਾਜਾਈ ਦੇ ਸਾਧਨਾਂ ਵਿੱਚ ਮਹੱਤਤਾ ਕਰਕੇ ਇਸ ਨੂੰ ਇਹ ਨਾਂ ਦਿੱਤੇ ਗਏ ਹਨ। ਇਹ ਜੀਵ-ਜੰਤੂਆਂ ਦੇ ਪਰਤਦਾਰ ਚੱਟਾਨਾਂ ਵਿਚਾਲੇ ਦੱਬੇ ਜਾਣ ਨਾਲ ਬਣਿਆ ਹੈ। ਪੈਟਰੋਲ ਜਾਂ ਡੀਜ਼ਲ ਸਾਨੂੰ ਧਰਤੀ ਹੇਠੋਂ ਅਸ਼ੁੱਧ ਰੂਪ ਵਿੱਚ ਕੱਚੇ ਤੇਲ ਦੇ ਰੂਪ ਵਿੱਚ ਮਿਲਦਾ ਹੈ। ਇਸ ਕੱਚੇ ਤੇਲ ਨੂੰ ਤੇਲ ਸੋਧਕ ਕਾਰਖਾਨਿਆਂ ਵਿੱਚ ਸਾਫ਼ ਕਰਕੇ ਇਸ ਤੋਂ ਕਈ ਵਸਤਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਪੈਟਰੋਲ, ਡੀਜ਼ਲ, ਮਿੱਟੀ ਦਾ ਤੇਲ, ਗੈਸ, ਚਿਕਨਾਹਟ ਵਾਲੇ ਤੇਲ, ਗ੍ਰੀਸ, ਮੋਮ, ਵੈਸਲੀਨ ਆਦਿ।

4. **ਧਰਤੀ ਤੇ ਮਿੱਟੀ ਦੀ ਕੀ ਮਹੱਤਤਾ ਹੈ**? **ਇਸ ਬਾਰੇ ਲਿਖੋ।**

ਉੱਤਰ- ਮਿੱਟੀ ਇੱਕ ਬਹੁਤ ਹੀ ਮਹੱਤਵਪੂਰਨ ਭੂਮੀ ਸਾਧਨ ਹੈ।ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਹੀ ਇਸ ਦਾ ਮਹੱਤਵ ਹੈ। ਉਪਜਾਊ ਮਿੱਟੀ ਸਦਾ ਹੀ ਮਨੁੱਖ ਨੂੰ ਖਿੱਚ ਪਾਉਂਦੀ ਰਹੀ ਹੈ ਕਿਉਂਕਿ ਮਨੁੱਖ ਨੂੰ ਭੋਜਨ ਵਸਤਾਂ ਇਸੇ ਤੋਂ ਹੀ ਪ੍ਰਾਪਤ ਹੁੰਦੀਆਂ ਹਨ। ਉਪਜਾਊ ਮਿੱਟੀ ਦੇਸ਼ ਦੀ ਵੱਡੀ ਸੰਪਤੀ ਹੁੰਦੀ ਹੈ। ਜਿਨ੍ਹਾਂ ਦੇਸ਼ਾਂ ਕੋਲ ਉਪਜਾਊ ਮਿੱਟੀ ਦਾ ਸਾਧਨ ਹੈ, ਉਨ੍ਹਾਂ ਵਿੱਚ ਖੇਤੀ ਦਾ ਵਧੇਰੇ ਵਿਕਾਸ ਹੋਇਆ ਹੈ। ਭਾਰਤ ਆਪਣੀ ਉਪਜਾਊ ਮਿੱਟੀ ਹੋਣ ਕਰਕੇ ਹੀ ਇੰਨੀ ਵੱਡੀ ਵਸੋਂ ਲਈ ਭੋਜਨ ਪੈਦਾ ਕਰਨ ਵਿੱਚ ਸਮਰੱਥ ਜੋ ਸਕਿਆ ਹੈ।

5. **ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਕਾਂ ਦੀ ਸੰਖੇਪ ਜਾਣਕਾਰੀ ਦਿਓ।**

ਉੱਤਰ- ਹਰੇਕ ਸਾਲ ਹਜ਼ਾਰਾਂ ਟਨ ਸਥੂਲ ਪਦਾਰਥ ਵਾਯੂਮੰਡਲ ਵਿੱਚ ਜਮ੍ਹਾਂ ਹੁੰਦੇ ਹਨ ਜਿਹੜੇ ਕੁਦਰਤੀ ਨਹੀਂ ਹੁੰਦੇ। ਵਾਯੂਮੰਡਲ ਵਿਚਲੀ ਇਸ ਬਨਾਵਟੀ ਸਥੂਲਤਾ ਨੂੰ ਹਵਾ ਦਾ ਪ੍ਰਦੂਸ਼ਣ ਆਖਦੇ ਹਨ। ਇਹ ਪ੍ਰਦੂਸ਼ਣ ਦੋ ਪ੍ਰਕਾਰ ਦਾ ਹੁੰਦਾ ਹੈ-

**(ੳ) ਠੋਸ ਕਾਰਕ**- 1. ਜਵਾਲਾਮੁਖੀ ਹਵਾ ਦੇ ਪ੍ਰਦੂਸ਼ਣ ਨੂੰ ਧੂੜ-ਕਣਾਂ ਦੇ ਰੂਪ ਵਿੱਚ ਪ੍ਰਦੂਸ਼ਿਤ ਕਰਦੇ ਹਨ।

2. ਬਾਲਣ ਦੇ ਬਲਣ ਉਪਰੰਤ ਕਾਰਬਨ ਦੇ ਕਣ ਧੂੰਏਂ ਦੇ ਰੂਪ ਵਿੱਚ ਜਮ੍ਹਾਂ ਹੋ ਜਾਂਦੇ ਹਨ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ।

**(ਅ) ਗੈਸੀ ਕਾਰਕ** – 1. ਮੋਟਰ–ਗੱਡੀਆਂ ਅਤੇ ਫੈਕਟਰੀਆਂ ਦਾ ਧੂੰਆਂ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ ।

2. ਸਮੋਗ (ਧੂੰਏਂ ਅਤੇ ਧੁੰਦ ਦਾ ਮਿਸ਼ਰਨ) ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ।

6. **ਹਵਾ ਵਿੱਚਲੀਆਂ ਮੁੱਖ ਗੈਸਾਂ ਦੇ ਮਿਸ਼ਰਨ ਬਾਰੇ ਲਿਖੋ।**

ਉੱਤਰ-

| ਲੜੀ ਨੰ. | ਗੈਸ | ਮਾਤਰਾ |
|---|---|---|
| 1. | ਨਾਈਟ੍ਰੋਜਨ | 78.03% |
| 2. | ਆਕਸੀਜਨ | 20.99% |
| 3. | ਆਰਗਨ | 0.94% |
| 4. | ਕਾਰਬਨ-ਡਾਇਆਕਸਾਈਡ | 0.03% |
| 5. | ਹਾਈਡ੍ਰੋਜਨ | 0.01% |

**7. ਵਾਯੂਮੰਡਲ ਵਿੱਚ ਓਜ਼ੋਨ ਗੈਸ ਕਿੱਥੇ ਪਾਈ ਜਾਂਦੀ ਹੈ ਅਤੇ ਇਸਦੀ ਕੀ ਮਹੱਤਤਾ ਹੈ ?**

ਉੱਤਰ- ਵਾਯੂਮੰਡਲ ਵਿੱਚ ਓਜ਼ੋਨ ਗੈਸ ਸਮਤਾਪ ਮੰਡਲ ਵਿੱਚ ਪਾਈ ਜਾਂਦੀ ਹੈ। ਇਹ ਗੈਸ ਸੂਰਜ ਤੋਂ ਆਉਣ ਵਾਲੀਆਂ ਪਰਾ-ਵੈਂਗਣੀ ਕਿਰਨਾਂ, ਜਿਹੜੀਆਂ ਜੀਵ-ਜਗਤ ਲਈ ਹਾਨੀਕਾਰਕ ਹੁੰਦੀਆਂ ਹਨ, ਨੂੰ ਆਪਣੇ ਵਿੱਚ ਸਮਾ ਲੈਂਦੀ ਹੈ।

8. **ਵੱਡਾ ਜਵਾਰਭਾਟਾ ਮੱਸਿਆ ਅਤੇ ਪੁੰਨਿਆਂ ਨੂੰ ਕਿਉਂ ਆਉਂਦਾ ਹੈ?**

ਉੱਤਰ- ਵੱਡਾ ਜਵਾਰਭਾਟਾ ਮੱਸਿਆ ਅਤੇ ਪੁੰਨਿਆ ਸਮੇਂ ਆਉਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਦੋਹਾਂ ਸਥਿਤੀਆਂ ਵਿੱਚ ਸੂਰਜ, ਚੰਨ ਅਤੇ ਧਰਤੀ ਇੱਕ ਸੇਧ ਵਿੱਚ ਆ ਜਾਂਦੇ ਹਨ। ਇਸ ਸਥਿਤੀ ਵਿੱਚ ਸੂਰਜ ਅਤੇ ਚੰਨ ਦੋਵੇਂ ਰਲ ਕੇ ਮਹਾਂਸਾਗਰੀ ਪਾਣੀ ਨੂੰ ਆਪਣੇ ਵੱਲ ਖਿੱਚਦੇ ਹਨ। ਇਸ ਤਰ੍ਹਾਂ ਪੈ ਰਹੀ ਦੋਹਰੀ ਖਿੱਚ ਸਦਕਾ ਪਾਣੀ ਵਿੱਚ ਵੱਡਾ ਉਛਾਲ ਪੈਦਾ ਹੋ ਜਾਂਦਾ ਹੈ। ਇਸ ਕਰਕੇ ਵੱਡਾ ਜਵਾਰਭਾਟਾ ਮੱਸਿਆ ਅਤੇ ਪੁੰਨਿਆਂ ਨੂੰ ਹੀ ਆਉਂਦਾ ਹੈ।

**9. ਜੰਗਲਾਂ ਤੋਂ ਕਿਹੜੀਆਂ-ਕਿਹੜੀਆਂ ਵਸਤੂਆਂ ਪ੍ਰਾਪਤ ਹੁੰਦੀਆਂ ਹਨ?**

ਉੱਤਰ-ਜੰਗਲਾਂ ਤੋਂ ਸਾਨੂੰ ਕਈ ਤਰ੍ਹਾਂ ਦੀ ਲੱਕੜੀ, ਬਾਂਸ, ਕਾਗਜ਼ ਬਣਾਉਣ ਵਾਲੇ ਘਾਹ, ਗੂੰਦ, ਗੰਦਾ ਬਰੋਜ਼ਾ, ਤਾਰਪੀਨ, ਲਾਖ਼, ਚਮੜਾ ਰੰਗਣ ਲਈ ਛਿਲਕਾ ਅਤੇ ਦਵਾਈਆਂ ਲਈ ਜੜ੍ਹੀ-ਬੂਟੀਆਂ ਆਦਿ ਵਸਤਾਂ ਪ੍ਰਾਪਤ ਹੁੰਦੀਆਂ ਹਨ।

**10. ਮਨੁੱਖ ਪਰਿਸਥਿਤੀ ਸੰਤੁਲਨ ਨੂੰ ਕਿਵੇਂ ਵਿਗਾੜ ਰਿਹਾ ਹੈ**?

ਉੱਤਰ-ਮਨੁੱਖ ਆਪਣੇ ਰਹਿਣ ਲਈ ਥਾਂ ਅਤੇ ਖੇਤੀ-ਯੋਗ ਭੂਮੀ ਪ੍ਰਾਪਤ ਕਰਨ ਲਈ ਵਣਾਂ ਦੀ ਅੰਨ੍ਹੇਵਾਹ ਕਟਾਈ ਕਰ ਰਿਹਾ ਹੈ। ਇਸ ਨਾਲ ਪਰਿਸਥਿਤੀ ਸੰਤੁਲਨ ਵਿਗੜ ਰਿਹਾ ਹੈ।

**11 ਸੰਸਾਰ ਦੇ ਪ੍ਰਮੁੱਖ ਜਲ ਮਾਰਗਾਂ ਦੇ ਨਾਂ ਦੱਸੋ ।**

ਉੱਤਰ- ਅੱਜ ਸੰਸਾਰ ਵਿੱਚ ਸਮੁੰਦਰ, ਸਾਗਰ, ਦਰਿਆ, ਨਹਿਰਾਂ, ਝੀਲਾਂ ਆਦਿ ਦੀ ਵਰਤੋਂ ਆਵਾਜਾਈ ਲਈ ਕੀਤੀ ਜਾਂਦੀ ਹੈ। ਜਲ ਮਾਰਗ ਆਵਾਜਾਈ ਦੇ ਸਭ ਤੋਂ ਸਸਤੇ ਸਾਧਨ ਹਨ। ਸੰਸਾਰ ਦੇ ਮੁੱਖ ਸਮੁੰਦਰੀ ਮਾਰਗ ਹੇਠ ਲਿਖੇ ਹਨ -

1. ਉੱਤਰੀ ਅੰਧ ਮਹਾਂਸਾਗਰ ਮਾਰਗ
2. ਸ਼ਾਂਤ ਮਹਾਂਸਾਗਰ ਮਾਰਗ
3. ਕੇਪ ਮਾਰਗ
4. ਸੁਏਜ਼ ਨਹਿਰ ਮਾਰਗ
5. ਪਨਾਮਾ ਨਹਿਰ ਮਾਰਗ

**12. ਸੰਸਾਰ ਦੇ ਅੰਦਰੂਨੀ ਜਲ-ਮਾਰਗਾਂ ਦੇ ਨਾਂ ਦੱਸੋ।**

ਉੱਤਰ- 1. ਭਾਰਤ ਵਿੱਚ ਗੰਗਾ ਅਤੇ ਬ੍ਰਹਮਪੁੱਤਰ ਦਰਿਆ
2. ਯੂਰਪ ਦਾ ਡੈਨਿਊਬ ਦਰਿਆ
3. ਦੱਖਣੀ ਅਮਰੀਕਾ ਦਾ ਐਮੇਜ਼ਨ ਦਰਿਆ
4. ਚੀਨ ਦਾ ਯੰਗਸੀ ਕਿਆਂਗ ਦਰਿਆ

**13. ਸੜਕ ਮਾਰਗਾਂ ਦਾ ਕੀ ਮਹੱਤਵ ਹੈ?**

ਉੱਤਰ-ਸੜਕਾਂ ਇੱਕ ਥਾਂ ਨੂੰ ਦੂਸਰੀ ਥਾਂ ਨਾਲ ਜੋੜਦੀਆਂ ਹਨ। ਸੜਕਾਂ ਰਾਹੀਂ ਸਮਾਨ ਇੱਕ ਥਾਂ ਤੋਂ ਦੂਜੀ ਥਾਂ 'ਤੇ ਅਸਾਨੀ ਨਾਲ ਪਹੁੰਚਾਇਆ ਜਾ ਸਕਦਾ ਹੈ। ਇਹ ਉਬੜ-ਖਾਬੜ ਪ੍ਰਦੇਸ਼ਾਂ ਵਿੱਚ ਵੀ ਬਣਾਈਆਂ ਜਾ ਸਕਦੀਆਂ ਹਨ। ਇਹ ਦੇਸ਼ ਦੀ ਆਰਥਿਕਤਾ ਅਤੇ ਵਿਕਾਸ ਲਈ ਜ਼ਰੂਰੀ ਹਨ।

**14. ਖੇਤੀਬਾੜੀ ਮਨੁੱਖੀ ਬਸਤੀਆਂ ਦੇ ਵਿਕਾਸ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?**

ਉੱਤਰ- ਖੇਤੀਬਾੜੀ, ਮਨੁੱਖੀ ਜੀਵਨ ਦਾ ਮੁੱਢਲਾ ਹਿੱਸਾ ਹੈ ਅਤੇ ਇਹ ਬਸਤੀਆਂ ਦਾ ਵਿਕਾਸ ਕਰਨ ਵਿੱਚ ਬਹੁਤ ਸਹਾਇਕ ਹੈ। ਖੇਤੀਬਾੜੀ ਕਰਨ ਲਈ ਮਨੁੱਖ ਨੂੰ ਇੱਕ ਥਾਂ 'ਤੇ ਟਿਕ ਕੇ ਰਹਿਣਾ ਪੈਂਦਾ ਹੈ। ਇਸ ਨਾਲ ਟਿਕਾਊ ਜੀਵਨ, ਰੋਜ਼ਗਾਰ ਦੇ ਮੌਕੇ, ਵਪਾਰ ਅਤੇ ਆਰਥਿਕਤਾ ਨੂੰ ਹੁਲਾਰਾ ਮਿਲਦਾ ਹੈ।

**15. ਪਹਿਲਾਂ ਪਹਿਲ ਮਨੁੱਖ ਨੇ ਕਿੱਥੇ ਰਹਿਣਾ ਸ਼ੁਰੂ ਕੀਤਾ?**

ਉੱਤਰ- ਪਹਿਲਾਂ ਪਹਿਲ ਮਨੁੱਖ ਨੇ ਦਰਿਆਵਾਂ ਦੀਆਂ ਘਾਟੀਆਂ ਵਿੱਚ ਰਹਿਣਾ ਸ਼ੁਰੂ ਕੀਤਾ ਕਿਉਂਕਿ ਉੱਥੇ ਉਸ ਨੂੰ ਆਪਣੀਆਂ ਰੋਜ਼ਾਨਾ ਜ਼ਰੂਰਤਾਂ ਲਈ ਪਾਣੀ ਆਸਾਨੀ ਨਾਲ ਮਿਲ ਜਾਂਦਾ ਸੀ ਅਤੇ ਮਿੱਟੀ ਉਪਜਾਊ ਹੋਣ ਕਰਕੇ ਖੇਤੀਬਾੜੀ ਕਰਨੀ ਬਹੁਤ ਆਸਾਨ ਸੀ।

**16. ਕਿਸੇ ਥਾਂ ਦਾ ਧਰਾਤਲ, ਬਸਤੀਆਂ ਦੇ ਵਿਕਾਸ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ?**

ਉੱਤਰ- ਬਸਤੀਆਂ ਦੇ ਵਿਕਾਸ ਵਿੱਚ ਧਰਾਤਲ ਦਾ ਵਿਸ਼ੇਸ ਮਹੱਤਵ ਹੈ। ਪੱਧਰੇ ਧਰਾਤਲ ਵਾਲੇ ਖੇਤਰਾਂ ਵਿੱਚ ਬਸਤੀਆਂ ਦਾ ਵਿਕਾਸ ਜ਼ਿਆਦਾ ਹੁੰਦਾ ਹੈ ਕਿਉਂਕਿ ਇੱਥੇ ਖੇਤੀ ਕਰਨੀ ਅਸਾਨ ਹੁੰਦੀ ਹੈ। ਖੇਤੀ ਉਪਜਾਂ ਨੂੰ ਇੱਕ ਥਾਂ ਤੋਂ ਦੂਸਰੀ ਜਗ੍ਹਾ ਲੈ ਜਾਣਾ ਵੀ ਸੌਖਾ ਹੁੰਦਾ ਹੈ। ਇਸ ਕਰਕੇ ਬਹੁਤ ਵੱਡੇ- ਵੱਡੇ ਸ਼ਹਿਰ ਅਤੇ ਮਹਾਂ- ਸ਼ਹਿਰ ਪੱਧਰੇ ਧਰਾਤਲ ਤੇ ਹੀ ਵਿਕਸਿਤ ਹੋਏ ਹਨ।

**ਪੰਜ ਅੰਕਾਂ ਵਾਲੇ ਪ੍ਰਸ਼ਨ (ਪ੍ਰਸ਼ਨਾਂ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਦਿਓ):**

**1. ਅਗਨੀ ਚੱਟਾਨਾਂ ਕਿਸਨੂੰ ਆਖਦੇ ਹਨ? ਇਹ ਕਿੰਨ੍ਹੇ ਪ੍ਰਕਾਰ ਦੀਆਂ ਹਨ? ਅੰਤਰਵੇਧੀ ਚਟਾਨਾਂ ਬਾਰੇ ਲਿਖੋ।**

ਉੱਤਰ- ਅਗਨੀ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਇਗਨਿਸ ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ 'ਅੱਗ'। ਇੱਥੇ ਅਗਨੀ ਸ਼ਬਦ ਤੋਂ ਭਾਵ ਉੱਚੇ ਤਾਪਮਾਨ ਤੋਂ ਹੈ। ਇਸ ਤਰ੍ਹਾਂ ਅਗਨੀ ਚੱਟਾਨਾਂ ਉਹ ਚੱਟਾਨਾਂ ਹਨ, ਜਿਨ੍ਹਾਂ ਦਾ ਨਿਰਮਾਣ ਪ੍ਰਿਥਵੀ ਦੇ ਅੰਦਰੂਨੀ ਭਾਗ ਵਿੱਚੋਂ ਮਿਲਦੇ ਅਤਿਅੰਤ ਗਰਮ ਅਤੇ ਪਿਘਲੇ ਹੋਏ ਤਰਲ (ਲਾਵੇ) ਦੇ ਠੰਢਾ ਹੋ ਕੇ ਠੋਸ ਹੋਣ ਨਾਲ ਹੋਇਆ ਹੈ।

**ਇਹ ਦੋ ਪ੍ਰਕਾਰ ਦੀਆਂ ਹਨ-** 1. ਅੰਤਰਵੇਧੀ ਅਗਨੀ ਚੱਟਾਨਾਂ 2. ਬਾਹਰਵੇਧੀ ਅਗਨੀ ਚੱਟਾਨਾਂ

**ਅੰਤਰਵੇਧੀ ਚੱਟਾਨਾਂ** : ਮੈਗਮਾ ਦੇ ਧਰਤੀ ਦੇ ਅੰਦਰ ਹੀ ਹੌਲੀ-ਹੌਲੀ ਠੰਢਾ ਹੋ ਕੇ ਬਣਨ ਵਾਲੀਆਂ ਚੱਟਾਨਾਂ ਨੂੰ ਅੰਤਰਵੇਧੀ ਅਗਨੀ ਚੱਟਾਨਾਂ ਆਖਦੇ ਹਨ। ਇਹ ਚੱਟਾਨਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ- ਪਾਤਾਲੀ ਅਗਨੀ ਚੱਟਾਨਾਂ ਅਤੇ ਮੱਧਵਰਤੀ ਅਗਨੀ ਚੱਟਾਨਾਂ।

**2. ਵੱਡੇ ਜਵਾਰਭਾਟੇ ਅਤੇ ਛੋਟੇ ਜਵਾਰਭਾਟੇ ਵਿੱਚ ਕੀ ਅੰਤਰ ਹੈ?**

ਉੱਤਰ- ਵੱਡੇ ਜਵਾਰਭਾਟੇ ਅਤੇ ਛੋਟੇ ਜਵਾਰਭਾਟੇ ਵਿੱਚ ਅੰਤਰ ਹੇਠ ਲਿਖੇ ਅਨੁਸਾਰ ਹਨ -

| ਵੱਡਾ ਜਵਾਰਭਾਟੇ | ਛੋਟਾ ਜਵਾਰਭਾਟੇ |
|---|---|
| 1. ਵੱਡੇ ਜਵਾਰਭਾਟੇ ਸਮੇਂ ਸਾਗਰੀ ਪਾਣੀ ਦਾ ਚੜ੍ਹਾਅ ਬਹੁਤ ਜ਼ਿਆਦਾ ਹੁੰਦਾ ਹੈ। | 1. ਛੋਟੇ ਜਵਾਰਭਾਟੇ ਵਿੱਚ ਪਾਣੀ ਦਾ ਉਛਾਲ ਘੱਟ ਹੁੰਦਾ ਹੈ। |
| 2. ਇਹ ਮੱਸਿਆ ਅਤੇ ਪੁੰਨਿਆ ਸਮੇਂ ਆਉਂਦਾ ਹੈ। | 2. ਇਹ ਚੰਨ ਦੀ ਸੱਤਵੀਂ ਅਤੇ ਇੱਕੀਵੀਂ ਨੂੰ ਆਉਂਦਾ ਹੈ। |
| 3. ਵੱਡੇ ਜਵਾਰਭਾਟੇ ਵਿੱਚ ਸੂਰਜ, ਚੰਨ ਅਤੇ ਧਰਤੀ ਇੱਕ ਸੇਧ ਵਿੱਚ ਆ ਜਾਂਦੇ ਹਨ। | 3. ਛੋਟੇ ਜਵਾਰਭਾਟੇ ਵਿੱਚ ਚੰਨ, ਪ੍ਰਿਥਵੀ ਤੇ ਸੂਰਜ ਇੱਕ ਦੂਜੇ ਨਾਲ $90^0$ ਦਾ ਕੋਣ ਬਣਾਉਂਦੇ ਹਨ। |
| 4. ਸੂਰਜ ਅਤੇ ਚੰਨ ਦੋਵੇਂ ਰਲ ਕੇ ਮਹਾਂਸਾਗਰੀ ਪਾਣੀ ਨੂੰ ਆਪਣੇ ਵੱਲ ਖਿੱਚਦੇ ਹਨ। | 4. ਸੂਰਜ ਪਾਣੀ ਨੂੰ ਆਪਣੇ ਵੱਲ ਖਿੱਚਦਾ ਹੈ ਅਤੇ ਚੰਨ ਆਪਣੇ ਵੱਲ। |

**3. ਗਰਮ ਧਾਰਾ ਅਤੇ ਠੰਢੀ ਧਾਰਾ ਵਿੱਚ ਅੰਤਰ ਦੱਸੋ।**

ਉੱਤਰ- ਭੂ-ਮੱਧ ਰੇਖਾ 'ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ, ਜਿਸ ਕਾਰਨ ਉੱਥੇ ਵਧੇਰੇ ਗਰਮੀ ਪੈਂਦੀ ਹੈ। ਜਦਕਿ ਧਰੁਵਾਂ 'ਤੇ ਤਾਪਮਾਨ ਘੱਟ ਰਹਿੰਦਾ ਹੈ। ਭੂ-ਮੱਧ ਰੇਖਾ ਵੱਲੋਂ ਆਉਣ ਵਾਲੀਆਂ ਧਾਰਾਵਾਂ ਦਾ ਜਲ ਗਰਮ ਹੁੰਦਾ ਹੈ, ਇਸ ਲਈ ਇਹਨਾਂ ਨੂੰ ਗਰਮ ਜਲ ਧਾਰਾ ਕਿਹਾ ਜਾਂਦਾ ਹੈ। ਧਰੁਵਾਂ ਵੱਲੋਂ ਆਉਣ ਵਾਲੀਆਂ ਧਾਰਾਵਾਂ ਦਾ ਜਲ ਠੰਢਾ ਹੋਣ ਕਾਰਨ ਇਹਨਾਂ ਨੂੰ ਠੰਢੀਆਂ ਧਾਰਾਵਾਂ ਕਿਹਾ ਜਾਂਦਾ ਹੈ।

**4. 'ਜਵਾਰਭਾਟਾ ਜਹਾਜ਼ਾਂ ਲਈ ਬਹੁਤ ਲਾਭਦਾਇਕ ਸਿੱਧ ਹੁੰਦਾ ਹੈ'। ਕਿਵੇਂ?**

ਉੱਤਰ- ਜਵਾਰਭਾਟੇ ਸਮੇਂ ਪਾਣੀ ਚੜ੍ਹਣ ਨਾਲ ਵੱਡੇ ਅਤੇ ਭਾਰੇ ਜਹਾਜ਼ ਬੰਦਰਗਾਹਾਂ ਤੱਕ ਆਸਾਨੀ ਨਾਲ ਪਹੁੰਚ ਜਾਂਦੇ ਹਨ। ਬੰਦਰਗਾਹਾਂ ਉੱਪਰ ਮਾਲ ਉਤਾਰ ਕੇ ਉਹ ਫਿਰ ਉਛਾਲੇ ਨੂੰ ਉਡੀਕਦੇ ਰਹਿੰਦੇ ਹਨ ਤਾਂ ਜੋ ਫਿਰ ਸਾਗਰਾਂ ਵੱਲ ਮੋੜਾ ਪਾ ਸਕਣ। ਇਸ ਤਰ੍ਹਾਂ ਜਵਾਰਭਾਟਾ ਜਹਾਜ਼ਾਂ ਲਈ ਬਹੁਤ ਲਾਭਦਾਇਕ ਸਿੱਧ ਹੁੰਦਾ ਹੈ।

**5. ਖਾੜੀ ਦੀ ਧਾਰਾ ਯੂਰਪ ਦੀ ਜਲਵਾਯੂ 'ਤੇ ਕੀ ਪ੍ਰਭਾਵ ਪਾਉਂਦੀ ਹੈ?**

ਉੱਤਰ- ਖਾੜੀ ਦੀ ਧਾਰਾ ਮੈਕਸੀਕੋ ਦੀ ਖਾੜੀ ਤੋਂ ਸ਼ੁਰੂ ਹੋ ਕੇ ਨਿਊਫਾਊਂਡਲੈਂਡ ਦੇ ਟਾਪੂਆਂ ਤੱਕ ਪੁੱਜਦੀ ਹੈ। ਨਿਊਫਾਊਂਡਲੈਂਡ ਦੇ ਟਾਪੂਆਂ ਕੋਲ ਪੁੱਜ ਕੇ ਇਸ ਵਿੱਚ ਉੱਤਰ ਵੱਲੋਂ ਇੱਕ ਠੰਡੀ ਧਾਰਾ ਆ ਮਿਲਦੀ ਹੈ। ਇਸ ਦਾ ਨਾਂ ਲੈਬਰੇਡੋਰ ਦੀ ਧਾਰਾ ਹੈ। ਇਸ ਠੰਡੇ ਤੇ ਗਰਮ ਪਾਣੀ ਦੇ ਮਿਲਾਪ ਸਦਕਾ ਇੱਥੇ ਬੜੀ ਸੰਘਣੀ ਧੁੰਦ ਪੈਦਾ ਹੋ ਜਾਂਦੀ ਹੈ। ਖਾੜੀ ਦੀ ਧਾਰਾ ਦੇ ਗਰਮ ਜਲ ਕਾਰਨ, ਉੱਤਰੀ ਧਰੁਵਾਂ ਵੱਲੋਂ ਆਉਂਦੇ ਬਰਫ਼ ਦੇ ਟਿੱਲੇ ਪਿਘਲ ਜਾਂਦੇ ਹਨ ਅਤੇ ਇਹ ਸਾਗਰਾਂ ਵਿੱਚ ਜਹਾਜ਼ਾਂ ਲਈ ਖਤਰਾ ਨਹੀਂ ਬਣਦੇ। ਇਸਦੇ ਨਿੱਘੇ ਜਲ ਕਾਰਨ ਹੀ ਸਰਦ ਰੁੱਤ ਵਿੱਚ ਵੀ ਯੂਰਪ ਦੀਆਂ ਬੰਦਰਗਾਹਾਂ ਖੁੱਲ੍ਹੀਆਂ ਰਹਿੰਦੀਆਂ ਹਨ।

**6. ਸਮੁੰਦਰੀ ਲਹਿਰਾਂ ਅਤੇ ਧਾਰਾਵਾਂ ਵਿੱਚ ਕੀ ਅੰਤਰ ਹੈ?**

ਉੱਤਰ- **ਸਮੁੰਦਰੀ ਲਹਿਰਾਂ -** ਸਾਗਰ ਦਾ ਪਾਣੀ ਸਦਾ ਉੱਚਾ ਨੀਵਾਂ ਹੁੰਦਾ ਰਹਿੰਦਾ ਹੈ। ਮੌਸਮ ਦੀ ਦਸ਼ਾ ਅਨੁਸਾਰ ਕਦੀ ਇਸਦੀ ਗਤੀ ਤੇਜ਼ ਹੋ ਜਾਂਦੀ ਹੈ ਅਤੇ ਕਦੇ ਹੌਲੀ ਪੈ ਜਾਂਦੀ ਹੈ। ਪੌਣਾਂ ਦੀ ਗਤੀ ਕਾਰਨ ਸਾਗਰ ਦਾ ਜਲ ਉੱਚਾ-ਨੀਵਾਂ ਹੁੰਦਾ ਰਹਿੰਦਾ ਹੈ, ਇਹਨਾਂ ਨੂੰ ਲਹਿਰਾਂ ਆਖਦੇ ਹਨ।

**ਧਾਰਾਵਾਂ** - ਜਦੋਂ ਸਾਗਰੀ ਜਲ ਕਿਸੇ ਨਿਸ਼ਚਿਤ ਦਿਸ਼ਾ ਵੱਲ ਚੱਲ ਪੈਂਦਾ ਹੈ ਤਾਂ ਉਸ ਨੂੰ ਮਹਾਂਸਾਗਰੀ ਧਾਰਾ ਕਿਹਾ ਜਾਂਦਾ ਹੈ। ਇਸ ਵਿੱਚ ਪਾਣੀ ਇੱਕ ਥਾਂ ਨੂੰ ਛੱਡ ਕੇ ਕਿਸੇ ਦੂਜੀ ਥਾਂ ਵੱਲ ਚੱਲਦਾ ਰਹਿੰਦਾ ਹੈ।

**7. ਵਣ ਅਸਿੱਧੇ ਤੌਰ 'ਤੇ ਸਾਡੀ ਕੀ ਸਹਾਇਤਾ ਕਰਦੇ ਹਨ?**

ਉੱਤਰ-1. ਰੁੱਖ ਕਾਰਬਨ ਡਾਇਆਕਸਾਈਡ ਲੈ ਕੇ ਆਕਸੀਜਨ ਛੱਡਦੇ ਹਨ।

2. ਇਹ ਵਰਖਾ ਪੈਣ ਵਿੱਚ ਸਹਾਇਕ ਹੁੰਦੇ ਹਨ ਅਤੇ ਤਾਪਮਾਨ ਨੂੰ ਬਹੁਤਾ ਵੱਧਣ ਨਹੀਂ ਦਿੰਦੇ।

3. ਇਹ ਹੜ੍ਹ ਅਤੇ ਭੌਂ-ਖੋਰ ਨੂੰ ਰੋਕਦੇ ਹਨ।

4. ਇਹ ਮਾਰੂਥਲਾਂ ਦੇ ਫੈਲਾਅ ਨੂੰ ਰੋਕਦੇ ਹਨ।

4. ਇਹ ਜੰਗਲੀ ਜਾਨਵਰਾਂ ਅਤੇ ਪੰਛੀਆਂ ਨੂੰ ਆਵਾਸ ਪ੍ਰਦਾਨ ਕਰਦੇ ਹਨ।

**8. ਵਣਾਂ ਦੇ ਵਿਨਾਸ਼ ਦਾ ਕੀ ਅਸਰ ਪਵੇਗਾ?**

ਉੱਤਰ- ਜੇਕਰ ਵਣਾਂ ਦਾ ਨਾਸ਼ ਹੁੰਦਾ ਰਿਹਾ ਤਾਂ ਇੱਕ ਦਿਨ ਅਜਿਹਾ ਆਏਗਾ ਕਿ ਲੱਕੜ ਕਿਸੇ ਕੀਮਤ 'ਤੇ ਨਹੀਂ ਮਿਲੇਗੀ ਅਤੇ ਸੰਸਾਰ ਮਾਰੂਥਲ ਦਾ ਰੂਪ ਧਾਰਨ ਕਰ ਲਏਗਾ। ਵਣਾਂ ਦੇ ਵਿਨਾਸ਼ ਨਾਲ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰ ਵੱਧ ਜਾਵੇਗੀ ਅਤੇ ਆਕਸੀਜਨ ਘੱਟ ਜਾਵੇਗੀ, ਜਿਸ ਨਾਲ ਜੀਵ-ਜੰਤੂਆਂ ਦਾ ਜਿਊਂਦੇ ਰਹਿਣਾ ਅਸੰਭਵ ਹੋ ਜਾਵੇਗਾ। ਵਣਾਂ ਦੇ ਵਿਨਾਸ਼ ਨਾਲ ਵਰਖਾ ਵਿੱਚ ਕਮੀ ਆ ਜਾਵੇਗੀ ਅਤੇ ਗਰਮੀ ਬਹੁਤ ਜ਼ਿਆਦਾ ਵੱਧ ਜਾਵੇਗੀ। ਇਸ ਦੇ ਇਲਾਵਾ ਹੜ੍ਹ ਵਧੇਰੇ ਆਉਣਗੇ ਅਤੇ ਮਾਰੂਥਲਾਂ ਦਾ ਵਿਸਥਾਰ ਹੋਵੇਗਾ।

**9. ਸੰਚਾਰ ਦੇ ਸਾਧਨ ਕਿਹੜੇ-ਕਿਹੜੇ ਹਨ? ਇਹਨਾਂ ਦੀ ਉੱਨਤੀ ਨਾਲ ਸਾਨੂੰ ਕੀ ਲਾਭ ਹੁੰਦੇ ਹਨ?**

ਉੱਤਰ- ਸੰਚਾਰ ਦੇ ਸਾਧਨਾਂ ਨੇ ਵੀ ਲੋਕਾਂ ਵਿੱਚ ਆਪਸੀ ਮੇਲ-ਜੋਲ ਪੈਦਾ ਕਰਨ ਵਿੱਚ ਖਾਸ ਭੂਮਿਕਾ ਨਿਭਾਈ ਹੈ। ਇਸ ਰਾਹੀਂ ਇੱਕ ਮਨੁੱਖ ਜਾਂ ਬਹੁਤ ਸਾਰੇ ਲੋਕਾਂ ਦੀ ਆਵਾਜ਼ ਦੇਸ਼ ਅਤੇ ਸੰਸਾਰ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਆਸਾਨੀ ਨਾਲ ਪਹੁੰਚਾਈ ਜਾ ਸਕਦੀ ਹੈ। ਜਿਵੇਂ ਇੰਟਰਨੈੱਟ ਰਾਹੀਂ ਅਸੀਂ ਇੱਕ ਕੋਨੇ ਵਿੱਚ ਬੈਠ ਕੇ ਸੰਸਾਰ ਭਰ ਨਾਲ ਜੁੜ ਸਕਦੇ ਹਾਂ। ਇਹ ਸੰਚਾਰ ਦਾ ਸਭ ਤੋਂ ਸਸਤਾ ਸਾਧਨ ਹੈ ਕਿਉਂਕਿ ਸਾਇਬਰ ਇੰਟਰਨੈੱਟ ਰਾਹੀਂ ਤੁਸੀਂ ਸੰਸਾਰ ਦੇ ਕਿਸੇ ਵੀ ਕੋਨੇ ਦੀ ਜਾਣਕਾਰੀ, ਸਿੱਖਿਆ ਸੰਬੰਧੀ ਅਗਵਾਈ ਅਤੇ ਹੋਰ ਕਈ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਡਾਕ ਸੇਵਾ, ਟੈਲੀਗ੍ਰਾਮ, ਟੈਲੀਫੋਨ, ਮੋਬਾਈਲ ਫੋਨ, ਰੇਡੀਓ, ਮੈਗਜ਼ੀਨ, ਅਖਬਾਰ, ਇੰਟਰਨੈੱਟ ਆਦਿ ਸੰਚਾਰ ਦੇ ਸਾਧਨ ਹਨ।

**10. ਸੰਸਾਰ ਦੇ ਰੇਲ ਮਾਰਗਾਂ ਬਾਰੇ ਜਾਣਕਾਰੀ ਦਿੰਦੇ ਹੋਏ, ਇੰਨ੍ਹਾਂ ਦੀ ਮਹੱਤਤਾ ਵੀ ਦੱਸੋ ।**

ਉੱਤਰ- ਰੇਲ ਮਾਰਗਾਂ ਰਾਹੀਂ ਬਹੁਤ ਵੱਡੀ ਗਿਣਤੀ ਵਿੱਚ ਸਮਾਨ ਅਤੇ ਮੁਸਾਫਰਾਂ ਦੀ ਢੋਆ-ਢੁਆਈ ਹੁੰਦੀ ਹੈ। ਪਹਿਲਾਂ ਕੋਲੇ ਨਾਲ ਚੱਲਣ ਵਾਲੇ ਰੇਲਵੇ ਇੰਜਣ ਸਨ। ਹੁਣ ਡੀਜ਼ਲ ਅਤੇ ਬਿਜਲੀ ਨਾਲ ਚੱਲਣ ਵਾਲੇ ਇੰਜਣ ਹੋਂਦ ਵਿੱਚ ਆ ਗਏ ਹਨ। ਆਵਾਜਾਈ ਨੂੰ ਕੰਟਰੋਲ ਕਰਨ ਲਈ ਰੇਲ ਮਾਰਗ ਹੁਣ ਨਾ ਕੇਵਲ ਧਰਤੀ ਦੀ ਉੱਪਰਲੀ ਸਤਾ 'ਤੇ ਹਨ ਸਗੋਂ ਭੂਮੀਗਤ ਰੇਲ ਮਾਰਗ ਵੀ ਬਣਾਏ ਜਾ ਚੁੱਕੇ ਹਨ ਜਿਨ੍ਹਾਂ ਨੂੰ ਮੈਟਰੋ ਰੇਲਾਂ ਕਿਹਾ ਜਾਂਦਾ ਹੈ। ਸੰਸਾਰ ਦੇ ਪ੍ਰਮੁੱਖ ਰੇਲ ਮਾਰਗਾਂ ਵਿੱਚ ਸੋਵੀਅਤ ਯੂਨੀਅਨ ਦੇ ਰੇਲ ਮਾਰਗ, ਰੂਸ ਦਾ ਟ੍ਰਾਂਸ ਸਾਇਬੇਰੀਅਨ ਰੇਲਵੇ ਮਾਰਗ, ਜਪਾਨ ਅਤੇ ਫਰਾਂਸ ਦਾ ਰੇਲ ਮਾਰਗ ਪ੍ਰਮੁੱਖ ਹਨ।

**11. ਸੁਏਜ਼ ਨਹਿਰ ਬਾਰੇ ਵਿਸਤਾਰ ਸਹਿਤ ਲਿਖੋ ।**

ਉੱਤਰ- ਸੁਏਜ਼ ਨਹਿਰ ਇੱਕ ਮਹੱਤਵਪੂਰਨ ਅੰਤਰ-ਰਾਸ਼ਟਰੀ ਜਲ ਮਾਰਗ ਹੈ । ਇਹ ਨਹਿਰ ਭੂ-ਮੱਧ ਸਾਗਰ ਅਤੇ ਲਾਲ ਸਾਗਰ ਨੂੰ ਮਿਲਾਉਂਦੀ ਹੈ । ਇਹ ਮਾਰਗ ਯੂਰਪ ਦੇ ਦੇਸ਼ਾਂ ਨੂੰ ਦੱਖਣੀ ਏਸ਼ੀਆ, ਆਸਟਰੇਲੀਆ ਅਤੇ ਪੂਰਬੀ ਅਫ਼ਰੀਕਾ ਦੇ ਆਦਿ ਦੇਸ਼ਾਂ ਨੂੰ ਮਿਲਾਉਂਦਾ ਹੈ । ਇਸ ਮਾਰਗ ਦੀ ਵਰਤੋਂ ਕਰਨ ਨਾਲ ਅਫ਼ਰੀਕਾ ਮਹਾਂਦੀਪ ਦੇ ਦੱਖਣ ਵੱਲੋਂ ਚੱਕਰ ਨਹੀਂ ਕੱਟਣਾ ਪੈਂਦਾ।

## ਭਾਗ-ਅ (ਇਤਿਹਾਸ)

### ਬਹੁ-ਵਿਕਲਪੀ ਪ੍ਰਸ਼ਨ:-

**1. ਪੂਰਵਕਾਲ ਵਿੱਚ ਭਾਰਤ ਨੂੰ ਹਿੰਦੁਸਤਾਨ ਜਾਂ ਭਾਰਤਵਰਸ਼ ਕਿਹਾ ਜਾਂਦਾ ਸੀ। ਇਸ ਵਿੱਚ ਵਰਤਮਾਨ ਛੇ ਦੇਸ਼-ਪਾਕਿਸਤਾਨ, ਅਫ਼ਗ਼ਾਨਿਸਤਾਨ, ਨੇਪਾਲ, ਭੂਟਾਨ, ਬੰਗਲਾਦੇਸ਼ ਅਤੇ ਭਾਰਤ ਸ਼ਾਮਿਲ ਸਨ। ਉਸ ਸਮੇਂ ਭਾਰਤ ਨੂੰ ਕਿਸ ਦਾ ਦਰਜਾ ਦਿੱਤਾ ਹੋਇਆ ਸੀ?**

1. ਮਹਾਂਦੀਪ  **2. ਉਪ-ਮਹਾਂਦੀਪ**  3. ਦੀਪ ਸਮੂਹ  4. ਇਨ੍ਹਾਂ ਵਿਚੋਂ ਕੋਈ ਨਹੀਂ।

**2. ਮੱਧਕਾਲੀਨ ਯੁੱਗ ਦੌਰਾਨ ਕਿਹੜੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ ਜੋ ਅੱਜ ਵੀ ਬੋਲੀਆਂ ਜਾਂਦੀਆਂ ਹਨ?**

**1. ਹਿੰਦੀ ਅਤੇ ਉਰਦੂ**  2. ਨੇਪਾਲੀ ਅਤੇ ਬੰਗਾਲੀ  3. ਤੇਲਗੂ ਅਤੇ ਮਰਾਠੀ  4. ਗੁਜਰਾਤੀ ਅਤੇ ਸੰਸਕ੍ਰਿਤ

**3. ਮਹਾਂਭਾਰਤ ਅਤੇ ਪੁਰਾਣਾਂ ਦੇ ਸਮੇਂ ਭਾਰਤ ਨੂੰ ਕੀ ਨਾਮ ਦਿੱਤਾ ਗਿਆ?**

1. ਆਰੀਆ ਵਰਤ  **2. ਭਾਰਤਵਰਸ਼**  3. ਹਿੰਦੂ  4. ਇੰਡਸ

**4. ਭਾਰਤ ਵਿੱਚ ਮੱਧਕਾਲੀਨ ਯੁੱਗ ਦੇ ਅੰਤ ਦਾ ਕੀ ਕਾਰਨ ਸੀ?**

1. ਮੁਗਲ ਸਾਮਰਾਜ ਦਾ ਖੇਰੂੰ-ਖੇਰੂੰ ਹੋਣਾ  2. ਅੰਗਰੇਜ਼ਾਂ ਦਾ ਸ਼ਕਤੀ ਵਿੱਚ ਆਉਣਾ

3. ਮਹਾਂਮਾਰੀ ਫੈਲਣਾ  **4. ਦੋਵੇਂ 1 ਅਤੇ 2**

**5. ਵੈਦਿਕ ਕਾਲ ਵਿੱਚ ਭਾਰਤ ਨੂੰ ਕੀ ਨਾਂ ਦਿੱਤਾ ਗਿਆ?**

1. ਭਾਰਤਵਰਸ਼ 2. ਹਿੰਦੂ **3. ਆਰੀਆ ਵਰਤ** 4. ਇੰਡਸ

**6. ਹੇਠ ਲਿਖਿਆਂ ਵਿੱਚੋਂ ਕਿਹੜਾ ਦੇਸ਼ ਭਾਰਤ ਦਾ ਗੁਆਂਢੀ ਦੇਸ਼ ਨਹੀਂ ਹੈ?**

1. ਨੇਪਾਲ 2. ਚੀਨ **3. ਫਰਾਂਸ** 4. ਪਾਕਿਸਤਾਨ

**7. ਸ਼ੁਰੂ ਵਿੱਚ ਮਾਨਵ ਕਿੱਥੇ ਰਹਿੰਦੇ ਸਨ?**

1. ਸ਼ਹਿਰਾਂ ਵਿੱਚ 2. ਕਸਬਿਆਂ ਵਿੱਚ **3. ਨਦੀਆਂ ਦੇ ਕਿਨਾਰੇ** 4. ਪਿੰਡਾਂ ਵਿੱਚ

**8. ਹੇਠ ਲਿਖਿਆਂ ਵਿੱਚੋਂ ਕਿਸ ਪਾਲ ਸ਼ਾਸਕ ਨੇ ਵਿਕ੍ਰਮਸ਼ਿਲਾ ਵਿਹਾਰ ਦੀ ਸਥਾਪਨਾ ਕੀਤੀ ਜਿਹੜਾ ਬਾਅਦ ਵਿੱਚ ਇੱਕ ਮਹਾਨ ਯੂਨੀਵਰਸਿਟੀ ਬਣਿਆ?**

1. ਗੋਪਾਲ **2. ਧਰਮਪਾਲ** 3. ਦੇਵਪਾਲ 4. ਰਾਜਪਾਲ

**9. ਹੇਠ ਲਿਖਿਆਂ ਵਿੱਚੋਂ ਕੌਣ ਗੁਰਜਰ-ਪ੍ਰਤੀਹਾਰ ਵੰਸ਼ ਦਾ ਸਭ ਤੋਂ ਸ਼ਕਤੀਸਾਲੀ ਰਾਜਾ ਸੀ?**

**1. ਮਿਹਿਰਭੋਜ਼** 2. ਨਾਗਾ ਭੱਟ 3. ਰਾਜਪਾਲ 4. ਧਰੁਵ

**10. ਹੇਠ ਲਿਖਿਆਂ ਵਿੱਚੋਂ ਕਿਸ ਸਥਾਨ ਤੇ ਮਹਿਮੂਦ ਗਜ਼ਨਵੀ ਨੇ ਹਮਲਾ ਨਹੀਂ ਕੀਤਾ?**

1. ਥਾਨੇਸਰ 2. ਮਥੁਰਾ **3. ਤਰਾਇਣ** 4. ਕਨੌਜ਼

**11. ਹੇਠ ਲਿਖਿਆਂ ਵਿੱਚੋਂ ਕਿਹੜਾ ਰਾਸ਼ਟਰਕੂਟ ਵੰਸ਼ ਦਾ ਸ਼ਾਸਕ ਨਹੀਂ ਹੈ?**

1. ਕ੍ਰਿਸ਼ਨ ਪਹਿਲਾ 2. ਅਮੋਘਵਰਸ਼ 3. ਧਰੁੱਵ **4. ਰਾਜਪਾਲ**

**12. ਇਹ ਤਾਮਿਲ ਭਾਸ਼ਾ ਦੇ ਪ੍ਰਸਿੱਧ ਵਿਦਵਾਨ ਸਨ। ਇਹਨਾਂ ਨੇ ਰਮਾਇਣ ਦਾ ਤਾਮਿਲ ਭਾਸ਼ਾ ਵਿੱਚ ਅਨੁਵਾਦ ਕੀਤਾ। ਕੀ ਤੁਸੀਂ ਇਹਨਾਂ ਦਾ ਨਾਂ ਜਾਣਦੇ ਹੋ?**

1.ਬਾਸਵ 2. ਨੇਨਿਹਾ **3. ਕੰਬਨ** 4. ਰਾਮਾਨੁਜ

**13. ਚੋਲ ਰਾਜ ਪ੍ਰਬੰਧ ਸਮੇਂ ਹਰੇਕ ਪਿੰਡ ਦੀਆਂ ਕਿੰਨ੍ਹੀਆਂ ਸਭਾਵਾਂ ਹੁੰਦੀਆਂ ਸਨ?**

1. ਤਿੰਨ **2. ਦੋ** 3. ਚਾਰ 4. ਪੰਜ

**14. ਮਹਾਂਬਲੀਪੁਰਮ ਵਿਖੇ ਸ਼ੋਰ ਮੰਦਰ ਅਤੇ ਰੱਥ ਮੰਦਰ ਕਿਹੜੇ ਵੰਸ਼ ਦੇ ਸ਼ਾਸ਼ਕਾਂ ਦੁਆਰਾ ਬਣਵਾਏ ਗਏ?**

1. ਚੋਲ 2. ਪਾਂਡਯ **3. ਪੱਲਵ** 4. ਰਾਸ਼ਟਰਕੂਟ

**15. ਮੱਧਕਾਲੀਨ ਯੁੱਗ ਦੌਰਾਨ ਪਾਂਡਯ ਰਾਜ ਦਾ ਸਿੱਖਿਆ ਦਾ ਮਹੱਤਵਪੂਰਨ ਕੇਂਦਰ ਕਿੱਥੇ ਸੀ?**

1. ਤੰਜੋਰ **2. ਮਦੁਰਾ (ਮਦੁਰਾਇ )** 3. ਕਾਂਚੀ 4. ਇਨ੍ਹਾਂ ਵਿਚੋਂ ਕੋਈ ਨਹੀਂ।

**16. ਚੋਲ ਸ਼ਾਸ਼ਕਾਂ ਨੇ ਸਿੰਚਾਈ ਪ੍ਰਬੰਧ ਵੱਲ ਖਾਸ ਧਿਆਨ ਦਿੱਤਾ। ਉਹਨਾਂ ਵੱਲੋਂ ਸਿੰਚਾਈ ਲਈ ਖਾਸ ਕਰਕੇ ਕਿਹੜੇ ਦਰਿਆ ਦੀ ਵਰਤੋਂ ਕੀਤੀ ਗਈ?**

1. ਕ੍ਰਿਸ਼ਨਾ **2. ਕਾਵੇਰੀ** 3. ਨਰਮਦਾ 4. ਗੋਦਾਵਰੀ

**17. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਹਿਰ ਫਿਰੋਜ਼ਸ਼ਾਹ ਤੁਗਲਕ ਨੇ ਵਸਾਇਆ ਸੀ?**

**1. ਫਿਰੋਜ਼ਾਬਾਦ** 2. ਦਿੱਲੀ 3. ਕਲਕੱਤਾ 4. ਇਲਾਹਾਬਾਦ

**18. ਤੈਮੂਰ ਨੇ ਭਾਰਤ ਤੇ ਹਮਲਾ ਕਦੋਂ ਕੀਤਾ?**

**1. 1398 ਈ.** 2. 1525 ਈ. 3. 1232 ਈ. 4. 1526 ਈ.

**19. ਤਾਜ ਮਹਿਲ ਦੀ ਉਸਾਰੀ ਕਿਸਨੇ ਕਰਵਾਈ?**

1.ਅਕਬਰ 2.ਜਹਾਂਗੀਰ **3. ਸ਼ਾਹਜਹਾਂ** 4.ਬਾਬਰ

**20. ਖਿਲਜੀ ਵੰਸ਼ ਦਾ ਸੰਸਥਾਪਕ ਕੌਣ ਸੀ?**

**1. ਜਲਾਲਉੱਦੀਨ ਖ਼ਿਲਜੀ** 2. ਤੈਮੂਰ 3. ਮੁਹੰਮਦ-ਬਿਨ-ਤੁਗਲਕ 4. ਅਕਬਰ

**21. ਹੇਠ ਲਿਖਿਆਂ ਵਿੱਚੋਂ ਕੌਣ ਕੁਤਬਉਦੀਨ ਐਬਕ ਦਾ ਦਾਸ ਸੀ?**

1. ਬਲਬਨ **2. ਇਲਤੁਤਮਿਸ਼** 3.ਅਲਾਉਦੀਨ ਖਿਲਜੀ 4. ਕੁਤਬਉਦੀਨ ਐਬਕ

**22. ਮੁਗਲ ਸਾਮਰਾਜ ਦਾ ਪਹਿਲਾ ਸ਼ਾਸਕ ਕੌਣ ਸੀ?**

1.ਅਕਬਰ **2. ਬਾਬਰ** 3. ਜਹਾਂਗੀਰ 4. ਸ਼ਾਹਜਹਾਂ

**23. ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ?**

**1.1526 ਈ:** 2. 1761 ਈ: 3. 1556 ਈ: 4. 1757 ਈ:

**24. ਮੁਗ਼ਲਾਂ ਦੇ ਆਖਰੀ ਪ੍ਰਸਿੱਧ ਸ਼ਾਸਕ ਔਰੰਗਜ਼ੇਬ ਦਾ ਸ਼ਾਸਨ ਕਾਲ ਦੱਸੋ।**

1.1564-1574 ਈ: **2. 1658-1707 ਈ:** 3. 1708-1718 ਈ: 4. 1650-1670 ਈ:

**25. ਜਹਾਂਗੀਰ ਨੇ ਕਿਸ ਨਾਲ਼ ਵਿਆਹ ਕਰਵਾਇਆ?**

**1. ਨੂਰਜਹਾਂ** 2. ਰਜ਼ੀਆ ਸੁਲਤਾਨ 3. ਰਾਣੀ ਝਾਂਸੀ 4. ਮੁਮਤਾਜ਼

**26. ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਕਿਹੜੇ ਮੁਗ਼ਲ ਬਾਦਸ਼ਾਹ ਦੁਆਰਾ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।**

1.ਅਕਬਰ 2. ਸ਼ਾਹਜਹਾਂ **3. ਔਰੰਗਜ਼ੇਬ** 4. ਜਹਾਂਗੀਰ

**27. ਪਾਣੀਪਤ ਦੀ ਪਹਿਲੀ ਲੜਾਈ ਵਿੱਚ ਬਾਬਰ ਨੇ ਕਿਸਨੂੰ ਹਰਾਇਆ?**

**1.ਇਬਰਾਹੀਮ ਲੋਧੀ** 2. ਸਿਕੰਦਰ ਲੋਧੀ 3. ਬਹਿਲੋਲ ਲੋਧੀ 4. ਰਾਣਾ ਸਾਂਗਾ

**28. ਹੁਮਾਯੂੰ ਕਿਸਦਾ ਪੁੱਤਰ ਸੀ?**

1.ਅਕਬਰ **2. ਬਾਬਰ** 3. ਜਹਾਂਗੀਰ 4. ਔਰੰਗਜ਼ੇਬ

**29. ਐਲੋਰਾ ਵਿਖੇ ਕੈਲਾਸ਼ ਮੰਦਰ ਰਾਸ਼ਟਰਕੂਟ ਸ਼ਾਸਕਾਂ ਦੀ ਭਵਨ ਨਿਰਮਾਣ ਕਲਾ ਦਾ ਇੱਕ ਪ੍ਰਸਿੱਧ ਨਮੂਨਾ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਇਹ ਮੰਦਰ ਕਿਸ ਸ਼ਾਸਕ ਦੁਆਰਾ ਬਣਾਇਆ ਗਿਆ ਹੈ?**

1. ਅਕਬਰ 2. ਸ਼ਾਹਜਹਾਂ 3. ਰਾਜਿੰਦਰ ਚੋਲ **4. ਕ੍ਰਿਸ਼ਨ ਪਹਿਲੇ**

**30.ਫਿਰੋਜਸ਼ਾਹ ਤੁਗਲਕ ਨੇ ਕਈ ਨਵੇਂ ਨਗਰਾਂ ਦਾ ਨਿਰਮਾਣ ਕਰਵਾਇਆ ਸੀ। ਹੇਠ ਲਿਖਿਆਂ ਵਿੱਚੋਂ ਕਿਹੜੇ ਨਗਰ ਦੀ ਉਸਾਰੀ ਉਸ ਦੁਆਰਾ ਨਹੀਂ ਕੀਤੀ ਗਈ?**

1. ਹਿਸਾਰ **2. ਫਤਿਹਪੁਰ ਸੀਕਰੀ** 3. ਫ਼ਿਰੋਜ਼ਾਬਾਦ 4. ਜੌਨਪੁਰ

**31. ਲਿੰਗਰਾਜ ਮੰਦਰ ਦੀ ਸਥਾਪਨਾ ਕਿਹੜੇ ਸ਼ਹਿਰ ਵਿੱਚ ਹੋਈ?**

1.ਕੋਨਾਰਕ **2. ਭੁਵਨੇਸ਼ਵਰ** 3. ਬੰਗਲੌਰ 4. ਮਦਰਾਸ

**32. ਸੂਰਜ ਮੰਦਰ, ਕੋਨਾਰਕ ਕਿਸ ਸ਼ੈਲੀ ਵਿੱਚ ਬਣਾਇਆ ਗਿਆ?**

**1.ਨਾਗਰਾ** 2. ਮੁਗ਼ਲ 3. ਸੂਖਮ 4.ਦਰਾਵਿੜ

**33. ਕੁਤੁਬਮੀਨਾਰ ਦੀ ਉੱਚਾਈ 70 ਮੀਟਰ ਹੈ ਅਤੇ ਇਸ ਦੀਆਂ ਪੰਜ ਮੰਜ਼ਿਲਾਂ ਹਨ। ਇਸ ਦੀ ਉਸਾਰੀ ਕਿਸ ਦੁਆਰਾ ਸ਼ੁਰੂ ਕਰਵਾਈ ਗਈ?**

1. ਅਕਬਰ **2. ਕੁਤਬਉਦੀਨ ਐਬਕ** 3. ਜਹਾਂਗੀਰ 4. ਸ਼ਾਹਜਹਾਂ

**34. ਪੁਰਤਗਾਲੀਆਂ ਨੇ ਸੂਰਤ ਉੱਤੇ ਕਦੋਂ ਅਧਿਕਾਰ ਕਰ ਲਿਆ?**

**1. 1512 ਈ.** 2. 1573 ਈ. 3. 1592 ਈ. 4. 1526 ਈ.

**35. ਬਾਬਰ ਦੇ ਹਮਲੇ ਸਮੇਂ ਪੰਜਾਬ ਦਾ ਗਵਰਨਰ ਕੌਣ ਸੀ?**

**1. ਦੌਲਤ ਖਾਂ ਲੋਧੀ** 2. ਬਹਿਲੋਲ ਲੋਧੀ 3. ਸਿਕੰਦਰ ਲੋਧੀ 4. ਇਬਰਾਹਿਮ ਲੋਧੀ

**36. ਮੱਧ ਕਾਲ ਵਿੱਚ ਹੇਠ ਲਿਖੇ ਦੱਖਣੀ ਭਾਰਤੀ ਸ਼ਹਿਰਾਂ ਵਿੱਚੋਂ ਕਿਸਦਾ ਵਿਕਾਸ ਨਹੀਂ ਹੋਇਆ?**

1. ਕਾਂਚੀ 2. ਕਲਿਆਣੀ 3. ਤੰਜੌਰ **4. ਮਦਰਾਸ**

**37. ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਸ੍ਰੀ ਅਕਾਲ ਤਖਤ ਦੀ ਸਥਪਨਾ ਸਿੱਖਾਂ ਦੇ ਕਿਹੜੇ ਗੁਰੂ ਸਾਹਿਬ ਨੇ ਕਰਵਾਈ?**

1. ਸ੍ਰੀ ਗੁਰੂ ਅੰਗਦ ਦੇਵ ਜੀ 2. ਸ੍ਰੀ ਗੁਰੂ ਹਰਿ ਰਾਇ ਜੀ

**3. ਸ੍ਰੀ ਗੁਰੂ ਹਰਿਗੋਬਿੰਦ ਜੀ** 4. ਸ੍ਰੀ ਗੁਰੂ ਤੇਗ ਬਹਾਦਰ ਜੀ

**38. ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿੱਚ ਪੰਜਾਬ ਦੀ ਰਾਜਧਾਨੀ ਕਿਹੜੀ ਸੀ?**

1. ਪਾਕਿਸਤਾਨ 2. ਸੂਰਤ **3. ਲਾਹੌਰ** 4. ਅੰਮ੍ਰਿਤਸਰ

**39. ਅਹੋਮ ਕਬੀਲੇ ਨੇ ਅਜੋਕੇ ਆਸਾਮ ਰਾਜ ਵਿੱਚ ਅਹੋਮ ਰਾਜ ਦੀ ਸਥਾਪਨਾ ਕੀਤੀ ਸੀ। ਕੀ ਤੁਸੀਂ ਦੱਸ ਸਕਦੇ ਹੋ ਕਿ ਇਸ ਕਬੀਲੇ ਨੇ ਕਿੰਨ੍ਹੇ ਸਾਲ ਤੱਕ ਰਾਜ ਕੀਤਾ?**

1. 400 ਸਾਲ 2. 500 ਸਾਲ **3. 600 ਸਾਲ** 4.300 ਸਾਲ

**40. ਕੀ ਤੁਸੀਂ ਜਾਣਦੇ ਹੋ ਕਿ ਮੱਧ ਕਾਲੀਨ ਯੁੱਗ ਸਮੇਂ ਕਿਸਾਨ ਆਪਣਾ ਅਨਾਜ ਵੇਚਣ ਲਈ ਪਿੰਡਾਂ ਤੋਂ ਸ਼ਹਿਰਾਂ ਵਿੱਚ ਕਿਵੇਂ ਲਿਜਾਂਦੇ ਸਨ?**

1. ਗੱਡੀਆਂ ਉੱਤੇ **2. ਪਸ਼ੂਆਂ ਉੱਤੇ** 3. ਰੇਲ ਗੱਡੀਆਂ ਉੱਤੇ 4. ਪੈਦਲ

**41. ਉਹਨਾਂ ਪਰਿਵਾਰਾਂ ਜਾਂ ਘਰਾਂ ਦੇ ਸਮੂਹਾਂ ਨੂੰ ਕੀ ਕਿਹਾ ਜਾਂਦਾ ਹੈ ਜਿਹੜੇ ਕਿਸੇ ਇੱਕ ਹੀ ਪੂਰਵਜ ਦੀ ਸੰਤਾਨ ਹੁੰਦੇ ਹਨ?**

1. ਪਰਿਵਾਰ 2. ਸ਼੍ਰੇਣੀ 3. ਪਿੰਡ **4. ਕੁਲ**

**42. 1826 ਈ. ਵਿੱਚ ਅੰਗਰੇਜ਼ ਆਸਾਮ ਵਿੱਚ ਆ ਗਏ। ਉਹਨਾਂ ਨੇ ਬਰਮਾ ਦੇ ਲੋਕਾਂ ਨੂੰ ਹਰਾ ਦਿੱਤਾ ਅਤੇ ਉਹਨਾਂ ਨਾਲ ਯਾਂਦਬੂ ਸੰਧੀ ਕਰ ਲਈ। ਕੀ ਤੁਸੀਂ ਦੱਸ ਸਕਦੇ ਹੋ ਕਿ ਅੰਗਰੇਜ਼ਾਂ ਦਾ ਕਿਹੜੇ ਦੇਸ਼ 'ਤੇ ਕਬਜ਼ਾ ਹੋ ਗਿਆ?**

1. ਗੁਜਰਾਤ **2. ਆਸਾਮ** 3. ਆਂਧਰਾ ਪ੍ਰਦੇਸ਼ 4.ਬਿਹਾਰ

**43. ਜਿਸ ਮੁਗ਼ਲ ਬਾਦਸ਼ਾਹ ਨੇ 1591 ਈ: ਵਿੱਚ ਚੇਰੋ ਵੰਸ਼ ਉੱਤੇ ਹਮਲਾ ਕੀਤਾ, ਉਸ ਦਾ ਨਾਂ ਲਿਖੋ।**

1. ਬਾਬਰ **2. ਅਕਬਰ** 3. ਹੁਮਾਯੂੰ 4. ਜਹਾਂਗੀਰ

**44. 'ਮੀਰੀ ਪੀਰੀ' ਨਾਂ ਦੀਆਂ ਤਲਵਾਰਾਂ ਕਿਹੜੇ ਗੁਰੂ ਸਾਹਿਬ ਨੇ ਧਾਰਨ ਕੀਤੀਆਂ ਸਨ?**

1. ਸ਼੍ਰੀ ਗੁਰੂ ਅੰਗਦ ਦੇਵ ਜੀ 2. ਸ਼੍ਰੀ ਗੁਰੂ ਅਰਜਨ ਦੇਵ ਜੀ

**3. ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ** 4. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

**45. ਹੇਠ ਲਿਖੀਆਂ ਬਾਣੀਆਂ ਵਿੱਚੋਂ ਕਿਹੜੀ ਬਾਣੀ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਹੀਂ ਕੀਤੀ ਗਈ?**

1. ਆਸਾ ਦੀ ਵਾਰ **2. ਆਨੰਦ ਸਾਹਿਬ** 3. ਜਪੁਜੀ ਸਾਹਿਬ 4. ਉਪਰੋਕਤ ਕੋਈ ਨਹੀਂ

**46. ਇਸਲਾਮ ਧਰਮ ਦੇ ਮੋਢੀ ਹਜ਼ਰਤ ਮੁਹੰਮਦ ਦਾ ਜਨਮ 570 ਈ. ਵਿੱਚ ਮੱਕੇ ਵਿੱਚ ਹੋਇਆ । ਹਜ਼ਰਤ ਮੁਹੰਮਦ ਦੇ ਉੱਤਰਾਧਿਕਾਰੀਆਂ ਨੂੰ ਕੀ ਕਿਹਾ ਜਾਂਦਾ ਸੀ?**

1. ਉਲਮਾਂ **2. ਖਲੀਫ਼ਾ** 3. ਸੂਫੀ 4. ਭਗਤ

**47. ਉਸਨੇ ਭਜਨਾਂ ਦੁਆਰਾ ਕ੍ਰਿਸ਼ਨ ਭਗਤੀ ਦਾ ਪ੍ਰਚਾਰ ਕੀਤਾ। ਉਹ ਕ੍ਰਿਸ਼ਨ ਜੀ ਦੀ ਭਗਤੀ ਦੇ ਗੀਤ ਗਾਉਂਦੀ ਸੀ। ਕੀ ਤੁਸੀਂ ਉਸਦਾ ਦਾ ਨਾਂ ਜਾਣਦੇ ਹੋ?**

**1. ਮੀਰਾ ਬਾਈ** 2. ਸੰਤ ਨਾਮਦੇਵ 3. ਸੰਤ ਰਾਮਾਨੰਦ 4. ਸੰਤ ਰਾਮਾਨੁਜ

**48. ਇੱਕ ਅਜਿਹਾ ਸਥਾਨ ਜਿੱਥੇ ਅਕਬਰ ਬਾਦਸ਼ਾਹ ਵੱਖ-ਵੱਖ ਧਰਮਾਂ ਦੇ ਵਿਦਵਾਨਾਂ ਨਾਲ ਚਰਚਾ ਕਰਦਾ ਸੀ। ਉਸ ਸਥਾਨ ਦਾ ਨਾਂ ਦੱਸੋ?**

1. ਦਰਗਾਹ **2. ਇਬਾਦਤਖਾਨਾ** 3. ਮਸਜਿਦ 4. ਇਹਨਾਂ ਵਿੱਚੋਂ ਕੋਈ ਨਹੀਂ

**49. ਬਾਬਰ ਨੇ ਬਾਬਰਨਾਮਾ ਜਾਂ ਤੁਜ਼ਕ-ਏ-ਬਾਬਰੀ ਨਾਂ ਦੀ ਪ੍ਰਸਿੱਧ ਆਤਮ ਕਥਾ ਲਿਖੀ। ਇਸ ਪੁਸਤਕ ਨੂੰ ਕਿਹੜੀ ਭਾਸ਼ਾ ਵਿੱਚ ਲਿਖਿਆ ਗਿਆ?**

1. ਅਰਬੀ 2. ਫ਼ਾਰਸੀ 3. ਬੰਗਾਲੀ **4. ਤੁਰਕੀ**

**50. ਰਾਜਪੂਤ ਸ਼ਾਸਕਾਂ ਦੇ ਰਾਜਕਾਲ ਵਿੱਚ ਕਾਗਜਾਂ ਉੱਤੇ ਚਿੱਤਰ ਬਣਾਉਣੇ ਸ਼ੁਰੂ ਹੋ ਗਏ ਸਨ। ਚਿੱਤਰ ਕਲਾ ਵਿੱਚ ਪਾਲ ਅਤੇ ਅਪਭਰੰਸ਼ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਸੀ। ਕੀ ਤੁਸੀਂ ਦੱਸ ਸਕਦੇ ਹੋ ਕਿ ਪਾਲ ਸ਼ੈਲੀ ਦੇ ਚਿੱਤਰਾਂ ਵਿੱਚ ਕਿਹੜੇ ਰੰਗਾਂ ਦੀ ਵਰਤੋਂ ਕੀਤੀ ਗਈ ਹੈ?**

1. ਸਫੈਦ, ਕਾਲੇ, ਹਰੇ ਅਤੇ ਭੂਰੇ **2. ਸਫ਼ੈਦ, ਕਾਲੇ, ਲਾਲ ਅਤੇ ਨੀਲੇ**

3. ਨੀਲੇ, ਪੀਲੇ, ਹਰੇ ਅਤੇ ਸਫੈਦ 4. ਕਾਲੇ, ਨੀਲੇ, ਪੀਲੇ ਅਤੇ ਹਰੇ

**51. ਅਕਬਰ ਸੰਗੀਤ ਕਲਾ ਵਿੱਚ ਬਹੁਤ ਦਿਲਚਸਪੀ ਲੈਂਦਾ ਸੀ। ਉਸਨੂੰ ਸੁਰ ਅਤੇ ਤਾਲ ਦਾ ਪੂਰਾ ਗਿਆਨ ਸੀ। ਉਸਦੇ ਦਰਬਾਰ ਵਿੱਚ ਉੱਚ ਕੋਟੀ ਦਾ ਗਾਇਕ ਕੌਣ ਸੀ?**

1. ਅਬੁਲ ਫਜ਼ਲ 2. ਫੈਜ਼ੀ **3. ਤਾਨਸੇਨ** 4. ਕੇਸ਼ਵ ਦਾਸ

**52. ਵਾਰਿਸ ਸ਼ਾਹ ਨੂੰ ਪੰਜਾਬੀ ਕਿੱਸਾ-ਕਾਵਿ ਵਿੱਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਉਹਨਾਂ ਦੁਆਰਾ ਕਿਹੜੇ ਪੰਜਾਬੀ ਕਿੱਸੇ ਦੀ ਰਚਨਾ ਕੀਤੀ ਗਈ ਹੈ?**

1. ਹੀਰ ਰਾਂਝਾ **2. ਹੀਰ** 3. ਜੰਗਨਾਮਾ 4. ਚੰਡੀ ਦੀ ਵਾਰ

**53. 1706 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣਾ ਦੀ ਲੜਾਈ 'ਚ ਮੁਗ਼ਲਾਂ ਨੂੰ ਕਰਾਰੀ ਹਾਰ ਦਿੱਤੀ। ਖਿਦਰਾਣੇ ਦਾ ਅਜੋਕਾ ਨਾਂ ਦੱਸੋ।**

1.ਚਮਕੌਰ ਸਾਹਿਬ 2. ਆਨੰਦਪੁਰ ਸਾਹਿਬ 3. ਨੰਦੇੜ **4. ਸ੍ਰੀ ਮੁਕਤਸਰ ਸਾਹਿਬ**

**54. ਮੁਗਲ ਸ਼ਾਸਨ ਦੀ ਕਮਜ਼ੋਰੀ ਦਾ ਲਾਭ ਉਠਾ ਕੇ ਭਾਰਤ ਵਿੱਚ ਕਈ ਸੁਤੰਤਰ ਰਾਜ ਸਥਾਪਿਤ ਹੋ ਗਏ। ਹੈਦਰਾਬਾਦ ਵੀ ਇਹਨਾਂ ਵਿੱਚੋਂ ਇੱਕ ਅਜਿਹਾ ਹੀ ਰਾਜ ਸੀ। ਕੀ ਤੁਸੀਂ ਦੱਸ ਸਕਦੇ ਹੋ ਕਿ ਇੱਥੇ ਕਿਸਨੇ ਸੁਤੰਤਰ ਰਾਜ ਦੀ ਸਥਾਪਨਾ ਕੀਤੀ?**

1.ਸਆਦਤ ਖਾਨ **2. ਨਿਜ਼ਾਮ-ਉਲ-ਮੁਲਕ** 3. ਸਿਰਾਜ਼-ਉਦ-ਦੌਲਾ 4.ਅਲੀ ਵਰਦੀ ਖਾਨ

**ਇੱਕ ਅੰਕ ਵਾਲੇ ਪ੍ਰਸ਼ਨ (ਖਾਲੀ ਸਥਾਨ ਭਰੋ)**

1. ਭਾਰਤ ਵਿੱਚ **ਅੱਠਵੀਂ ਸਦੀ** ਨੂੰ ਪਰਿਵਰਤਨ ਦੀ ਸਦੀ ਮੰਨਿਆ ਜਾਂਦਾ ਹੈ।

2. ਚੀਨੀਆਂ ਨੇ ਭਾਰਤ ਨੂੰ **ਤਾਇਨ ਚੂ** ਦਾ ਨਾਂ ਦਿੱਤਾ।

3. ਤਾਨਸੇਨ ਇੱਕ ਪ੍ਰਸਿੱਧ **ਸੰਗੀਤਕਾਰ** ਸੀ।

4. ਦੇਵਪਾਲ ਸ਼ਾਸਕ ਨੇ ਬੋਧਗਯਾ ਵਿਖੇ **ਮਹਾਂਬੋਧੀ** ਮੰਦਰ ਬਣਵਾਇਆ।

5. ਰਾਸ਼ਟਰਕੂਟ ਸ਼ਾਸਕ **ਕਲਾ ਅਤੇ ਸਿੱਖਿਆ** ਦੇ ਸਰਪ੍ਰਸਤ ਸਨ।

6. ਪੱਲਵ ਸ਼ਾਸਕਾਂ ਨੇ **ਕਾਂਚੀ** ਨੂੰ ਆਪਣੀ ਰਾਜਧਾਨੀ ਬਣਾਇਆ।

7. ਮਾਰਕੋ ਪੋਲੋ ਨੇ **ਪਾਂਡਯ** ਰਾਜ ਦੀ ਯਾਤਰਾ ਕੀਤੀ।

8. ਨੇਨਿਹਾ ਅਤੇ ਤਿਕਨਾ ਤੇਲਗੂ ਵਿਦਵਾਨਾਂ ਨੇ **ਮਹਾਂਭਾਰਤ** ਦਾ ਤੇਲਗੂ ਅਨੁਵਾਦ ਕੀਤਾ।

9. ਕੁਤਬਉੱਦੀਨ ਐਬਕ **ਦਾਸ ਵੰਸ਼** ਦਾ ਸੰਸਥਾਪਕ ਸੀ।

10. ਰਜ਼ੀਆ ਸੁਲਤਾਨ **ਇਲਤੁਤਮਿਸ਼** ਦੀ ਪੁੱਤਰੀ ਸੀ।

11. ਮਲਿਕ ਕਾਫੂਰ **ਅਲਾਉੱਦੀਨ ਖਿਲਜੀ** ਦਾ ਸੈਨਾਪਤੀ ਸੀ।

12. ਮੁਹੰਮਦ-ਬਿਨ-ਤੁਗਲਕ ਨੇ ਆਪਣੀ ਰਾਜਧਾਨੀ **ਦਿੱਲੀ** ਤੋਂ ਦੇਵਗਿਰੀ ਬਦਲਣ ਦਾ ਫੈਸਲਾ ਕੀਤਾ।

13. ਕਨਵਾਹ ਦੀ ਲੜਾਈ **ਬਾਬਰ** ਅਤੇ **ਰਾਣਾ ਸਾਂਗਾ** ਵਿਚਕਾਰ ਲੜੀ ਗਈ ਸੀ।

14. ਅਕਬਰ ਨੇ ਹੇਮੂੰ ਨੂੰ **1556 ਈ**: ਵਿੱਚ ਪਾਣੀਪਤ ਦੇ ਮੈਦਾਨ ਵਿੱਚ ਹਰਾਇਆ ਸੀ।

15. **ਕੁਤਬਦੀਨ ਐਬਕ** ਦੁਆਰਾ ਕੁਤਬ ਮੀਨਾਰ ਦੀ ਉਸਾਰੀ ਸ਼ੁਰੂ ਕਰਵਾਈ ਗਈ।

16. ਬੁਲੰਦ ਦਰਵਾਜ਼ਾ **ਫਤਿਹਪੁਰ ਸੀਕਰੀ** ਵਿਖੇ ਸਥਿੱਤ ਹੈ।

17. ਤਾਜ਼ ਮਹਿਲ **ਸ਼ਾਹਜਹਾਂ** ਦੁਆਰਾ **ਮੁਮਤਾਜ** ਦੀ ਯਾਦ ਵਿੱਚ ਉਸਾਰਿਆ ਗਿਆ ਸੀ।

18. ਅੰਮ੍ਰਿਤਸਰ ਦੀ ਨੀਂਹ **ਸ੍ਰੀ ਗੁਰੂ ਰਾਮਦਾਸ ਜੀ** ਦੁਆਰਾ ਰੱਖੀ ਗਈ ਸੀ।

19. **ਸੂਰਤ** ਇੱਕ ਪ੍ਰਸਿੱਧ ਬੰਦਰਗਾਹ ਸ਼ਹਿਰ ਹੈ।

20. ਨਨਕਾਣਾ ਸਾਹਿਬ **ਪਾਕਿਸਤਾਨ** ਵਿੱਚ ਸਥਿੱਤ ਹੈ।

21. 15 ਵੀਂ ਸਦੀ ਤੋਂ ਲੈ ਕੇ 18 ਵੀਂ ਸਦੀ ਤੱਕ **ਗੋਂਡਵਾਨਾ** ਇੱਕ ਖੁਸ਼ਹਾਲ ਰਾਜ ਸੀ।

22. ਅਹੋਮ ਕਬੀਲੇ ਦੇ ਲੋਕ **ਤਾਇ-ਮੰਗੋਲ** ਵਰਗ ਨਾਲ ਸੰਬੰਧ ਰੱਖਦੇ ਸਨ।

23. ਰਾਣੀ ਦੁਰਗਾਵਤੀ ਇੱਕ ਪ੍ਰਸਿੱਧ **ਗੋਂਡ** ਸ਼ਾਸਕ ਸੀ।

24. **ਸ੍ਰੀ ਗੁਰੂ ਨਾਨਕ ਦੇਵ ਜੀ** ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ।

25. **ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਨੇ ਖਾਲਸਾ ਪੰਥ ਦੀ ਸਾਜਣਾ 1699 ਈ. ਵਿੱਚ ਕੀਤੀ।

26. **ਜੈਦੇਵ** ਦੁਆਰਾ ਗੀਤ ਗੋਬਿੰਦ ਲਿਖਿਆ ਗਿਆ ਸੀ।

27. **ਸ੍ਰੀ ਗੁਰੂ ਅਰਜਨ ਦੇਵ ਜੀ** ਦੁਆਰਾ 1604 ਈ. ਵਿੱਚ ਆਦਿ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਗਈ ਸੀ।

28. **ਚੰਦ ਬਰਦਾਈ** ਦੁਆਰਾ ਪ੍ਰਿਥਵੀ ਰਾਜ ਰਾਸੋ ਲਿਖੀ ਗਈ ਸੀ।

29. ਅਮੀਰ ਖੁਸਰੋ ਇੱਕ **ਮਹਾਨ ਸੰਗੀਤਕਾਰ** ਅਤੇ ਕਵੀ ਸੀ।

30. ਮੁਰਸ਼ਦ ਕੁਲੀ ਖਾਂ **ਬੰਗਾਲ ਅਤੇ ਉੜੀਸਾ** ਦਾ ਸ਼ਾਸਕ ਸੀ।

31. ਹੈਦਰ ਅਲੀ **ਮੈਸੂਰ** ਦਾ ਸ਼ਾਸਕ ਸੀ।

32. ਸਆਦਤ ਖਾਨ **1722 ਈ.** ਵਿੱਚ ਅਵਧ ਦਾ ਸੂਬੇਦਾਰ ਬਣਿਆ।

33. ਸ਼ਿਵਾਜੀ **ਮਰਾਠਾ** ਸਾਮਰਾਜ ਦੇ ਸੰਸਥਾਪਕ ਸਨ।

34. ਬੰਦਾ ਸਿੰਘ ਬਹਾਦਰ ਦਾ ਮੁੱਢਲਾ ਨਾਮ **ਲਛਮਣ ਦਾਸ** ਸੀ।

**ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ ਜਾਂ ਗਲਤ ਲਿਖੋ:-**

1. ਮੱਧਕਾਲੀਨ ਯੁੱਗ ਮੁੱਢਲਾ-ਮੱਧਕਾਲੀਨ ਯੁੱਗ ਅਤੇ ਉੱਤਰ-ਮੱਧਕਾਲੀਨ ਯੁੱਗ ਵਿੱਚ ਵੰਡਿਆ ਹੋਇਆ ਸੀ।**(ਸਹੀ)**

2. ਮੱਧਕਾਲੀਨ ਯੁੱਗ ਦੌਰਾਨ ਬਹੁਤ ਸਾਰੇ ਸਮਾਜਿਕ ਰੀਤੀ-ਰਿਵਾਜ਼ ਅਤੇ ਧਾਰਮਿਕ ਵਿਸ਼ਵਾਸ ਹੋਂਦ ਵਿੱਚ ਨਹੀਂ ਆਏ ਸਨ।**(ਗਲਤ)**

3. ਮੱਧਕਾਲੀਨ ਯੁੱਗ ਦੌਰਾਨ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਆਪਸੀ ਸੰਬੰਧ ਸਥਾਪਿਤ ਨਹੀਂ ਸਨ।**(ਗਲਤ)**

4. ਮਦੁਰਾਇ ਚੋਲ ਸਾਸ਼ਕਾਂ ਦੀ ਰਾਜਧਾਨੀ ਸੀ। **(ਗਲਤ)**

5. ਚੋਲ ਸ਼ਾਸਕਾਂ ਕੋਲ ਸ਼ਕਤੀਸ਼ਾਲੀ ਥਲ ਸੈਨਾ ਸੀ। **(ਸਹੀ)**

6. ਕੰਬਨ ਵਿਦਵਾਨ ਨੇ ਰਮਾਇਣ ਦਾ ਤਾਮਿਲ ਭਾਸ਼ਾ ਵਿੱਚ ਅਨੁਵਾਦ ਕੀਤਾ। **(ਸਹੀ)**

7. ਇਲਤੁਤਮਿਸ਼ ਕੁਤਬਉੱਦੀਨ ਦਾ ਦਾਸ ਸੀ। **(ਸਹੀ)**

8. ਬਲਬਨ ਦਾਸ ਵੰਸ਼ ਦਾ ਸੰਸਥਾਪਕ ਸੀ। **(ਗਲਤ)**

9. ਅਲਾਉਦੀਨ ਖਿਲਜੀ ਨੇ ਬਾਜ਼ਾਰ ਕੰਟਰੋਲ ਨੀਤੀ ਸ਼ੁਰੂ ਕੀਤੀ। **(ਸਹੀ)**

10. ਸਿਕੰਦਰ ਲੋਧੀ ਅਤੇ ਬਾਬਰ ਵਿੱਚਕਾਰ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਟਾਕਰਾ ਹੋਇਆ ਸੀ। **(ਗਲਤ)**

11. ਮੁਗਲ ਭਾਰਤ ਵਿੱਚ 1525-26 ਈ: ਵਿੱਚ ਆਏ। **(ਸਹੀ)**

12. ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਦਾ ਸੱਦਾ ਭੇਜਿਆ। **(ਸਹੀ)**

13. ਸ਼ੇਰ ਸ਼ਾਹ ਸੂਰੀ ਮੁਗਲ ਸ਼ਾਸਕ ਸੀ। **(ਗਲਤ)**

14. ਔਰੰਗਜ਼ੇਬ ਦੇ ਰਾਜਕਾਲ ਸਮੇਂ ਰਾਜਪੂਤਾਂ ਨਾਲ ਬਹੁਤ ਚੰਗਾ ਸਲੂਕ ਕੀਤਾ ਜਾਂਦਾ ਸੀ। **(ਗਲਤ)**

15. ਮੁਹੰਮਦ ਤੁਗ਼ਲਕ ਨੇ ਤੁਗ਼ਲਕਾਬਾਦ ਨਗਰ ਵਸਾਇਆ ਸੀ।**(ਗਲਤ)**

16. ਮੋਹਨਜੋਦੜੋ ਸਿੰਧੂ ਘਾਟੀ ਦੇ ਲੋਕਾਂ ਦਾ ਰਾਜਧਾਨੀ ਨਗਰ ਸੀ। **(ਸਹੀ)**

17. 1629 ਈ. ਵਿੱਚ ਸ਼ਾਹਜਹਾਂ ਨੇ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ। **(ਗਲਤ)**

18. ਸੂਰਤ ਇੱਕ ਮਹੱਤਵਪੂਰਨ ਤੀਰਥ ਸਥਾਨ ਸੀ। **(ਗਲਤ)**

19. ਫਤਿਹਪੁਰ ਸੀਕਰੀ ਮੁਗਲਾਂ ਦਾ ਇੱਕ ਰਾਜਧਾਨੀ ਨਗਰ ਸੀ। **(ਸਹੀ)**

20. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ। **(ਸਹੀ)**

21. ਚੈਤੰਨਯ ਮਹਾਂਪ੍ਰਭੂ ਅਤੇ ਮੀਰਾਂਬਾਈ ਨੇ ਰਾਮ ਭਗਤੀ ਨੂੰ ਲੋਕ-ਪ੍ਰਿਯ ਬਣਾਇਆ। **(ਗਲਤ)**

22. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੰਗਰ ਪ੍ਰਥਾ ਸ਼ੁਰੂ ਕੀਤੀ ਸੀ। **(ਸਹੀ)**

23. ਦਿੱਲੀ ਸਲਤਨਤ ਕਾਲ ਵਿੱਚ ਰਾਮਾਨੁਜ ਅਤੇ ਜੈ ਦੇਵ ਸੰਸਕ੍ਰਿਤ ਭਾਸ਼ਾ ਦੇ ਪ੍ਰਸਿੱਧ ਲੇਖਕ ਸਨ। **(ਗਲਤ)**

24.ਅਬੁਲ ਫਜ਼ਲ ਨੇ ਆਇਨ-ਏ-ਅਕਬਰੀ ਨਹੀਂ ਲਿਖੀ ਸੀ। **(ਗਲਤ)**

25.ਤਾਨਸੇਨ ਅਕਬਰ ਦੇ ਦਰਬਾਰ ਦਾ ਪ੍ਰਸਿੱਧ ਗਾਇਕ ਸੀ।**(ਸਹੀ)**

26.ਮੁਹੰਮਦ ਤੁਗਲਕ ਦਾ ਚਿੱਤਰ ਮੱਧਕਾਲੀਨ ਚਿੱਤਰ ਕਲਾ ਦਾ ਇੱਕ ਪ੍ਰਸਿੱਧ ਨਮੂਨਾ ਹੈ। **(ਸਹੀ)**

27. ਫਰੁਖ਼ਸੀਅਰ ਦਿੱਲੀ ਦਾ ਸ਼ਾਸਕ ਬਣਿਆ। **(ਸਹੀ)**

28. ਨਿਜ਼ਾਮ-ਉਲ-ਮੁਲਕ ਹੈਦਰਾਬਾਦ ਰਿਆਸਤ ਦਾ ਸੰਸਥਾਪਕ ਸੀ। **(ਸਹੀ)**

29. ਰਾਜਾ ਰਾਮ ਸ਼ਿਵਾਜੀ ਦਾ ਉੱਤਰਾਧਿਕਾਰੀ ਬਣਿਆ। **(ਗਲਤ)**

30. ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿੱਚ ਸਿੱਖ ਰਾਜ ਦੀ ਸਥਾਪਨਾ ਕੀਤੀ।**(ਸਹੀ)**

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-

**1. ਇਤਿਹਾਸ ਵਿੱਚ ਭਾਰਤੀ ਉਪਮਹਾਂਦੀਪ ਦੇ ਕਿਹੜੇ-ਕਿਹੜੇ ਨਾਂ ਰੱਖੇ ਗਏ ?**

ਉੱਤਰ- ਹਿੰਦੁਸਤਾਨ ਅਤੇ ਭਾਰਤਵਰਸ਼

**2. ਇਤਿਹਾਸਕਾਰਾਂ ਨੇ ਭਾਰਤੀ ਉਪ-ਮਹਾਂਦੀਪ ਨੂੰ ਕਿੰਨ੍ਹੇ ਯੁੱਗਾਂ ਵਿੱਚ ਵੰਡਿਆ ਹੈ?**

ਉੱਤਰ- ਇਤਿਹਾਸਕਾਰਾਂ ਨੇ ਭਾਰਤੀ ਉਪ-ਮਹਾਂਦੀਪ ਨੂੰ ਤਿੰਨ ਯੁੱਗਾਂ ਵਿੱਚ ਵੰਡਿਆ ਹੈ-ਪ੍ਰਾਚੀਨ ਯੁੱਗ, ਮੱਧਕਾਲੀਨ ਯੁੱਗ ਅਤੇ ਆਧੁਨਿਕ ਯੁੱਗ।

3. **ਮਹਿਮੂਦ ਗਜ਼ਨਵੀ ਨੇ ਭਾਰਤ ਤੇ ਹਮਲੇ ਕਿਉਂ ਕੀਤੇ?**

ਉੱਤਰ- ਮਹਿਮੂਦ ਗਜ਼ਨਵੀ, ਗਜ਼ਨੀ ਰਾਜ ਦਾ ਸ਼ਾਸਕ ਸੀ। ਉਹ ਗਜ਼ਨੀ ਰਾਜ ਨੂੰ ਸ਼ਕਤੀਸ਼ਾਲੀ ਬਣਾਉਣਾ ਚਾਹੁੰਦਾ ਸੀ। ਇਸ ਕਰਕੇ ਉਸਨੇ ਧਨ ਇਕੱਠਾ ਕਰਨ ਲਈ ਭਾਰਤ ‘ਤੇ 1001-1025 ਈ. ਤੱਕ 17 ਵਾਰ ਹਮਲੇ ਕੀਤੇ।

**4. ਚੋਲ ਵੰਸ਼ ਦੇ ਕਿਹੜੇ ਸ਼ਾਸ਼ਕਾਂ ਨੇ ਚੋਲ ਰਾਜ ਨੂੰ ਮੁੜ ਹੋਂਦ ਵਿੱਚ ਲਿਆਂਦਾ** ?

ਉੱਤਰ- ਰਾਜਰਾਜਾ ਪਹਿਲਾ ਅਤੇ ਰਾਜਿੰਦਰ ਚੋਲ।

**5. ਰਾਜਿੰਦਰ ਚੋਲ ਦੀਆਂ ਮਹੱਤਵਪੂਰਨ ਜਿੱਤਾਂ ਬਾਰੇ ਲਿਖੋ।**

ਉੱਤਰ- ਰਾਜਿੰਦਰ ਚੋਲ ਦੀਆਂ ਦੱਖਣੀ-ਪੂਰਬੀ ਏਸ਼ੀਆ ਵਿੱਚ ਅੰਡੇਮਾਨ, ਨਿਕੋਬਾਰ, ਮਲਾਇਆ, ਸੁਮਾਤਰਾ ਅਤੇ ਜਾਵਾ ਉਸ ਦੀਆਂ ਮਹੱਤਵਪੂਰਨ ਜਿੱਤਾਂ ਸਨ।

**6. ਚੋਲ ਰਾਜਕਾਲ ਸਮੇਂ ਕਿਹੜੀਆਂ ਭਾਸ਼ਾਂਵਾਂ ਦਾ ਵਿਕਾਸ ਹੋਇਆ** ?

ਉੱਤਰ- ਚੋਲ ਰਾਜਕਾਲ ਸਮੇਂ ਸੰਸਕ੍ਰਿਤ, ਤਾਮਿਲ, ਤੇਲਗੂ ਅਤੇ ਕੰਨੜ ਭਾਸ਼ਾਵਾਂ ਦਾ ਵਿਕਾਸ ਹੋਇਆ ।

**7. ਚੋਲ ਰਾਜਵੰਸ਼ ਸਮੇਂ ਕਿਹੜਾ ਧਰਮ ਸਭ ਤੋਂ ਪ੍ਰਸਿੱਧ ਸੀ**?

ਉੱਤਰ- ਚੋਲ ਰਾਜਵੰਸ਼ ਸਮੇਂ ਹਿੰਦੂ ਧਰਮ ਸਭ ਤੋਂ ਪ੍ਰਸਿੱਧ ਸੀ ।

**8. ਦੱਖਣੀ ਭਾਰਤ ਦੇ ਮੰਦਰ ਕਿਹੜੇ ਹਨ**?

ਉੱਤਰ- **1.** ਰਾਜਰਾਜੇਸ਼ਵਰ ਮੰਦਰ **2.** ਗੰਗਈਕੋਂਡ ਚੋਲਪੁਰਮ ਦਾ ਮੰਦਰ **3.** ਕੈਲਾਸ਼ ਮੰਦਰ**,** ਐਲੋਰਾ

**9. ਕੋਈ ਚਾਰ ਤੀਰਥ ਸਥਾਨਾਂ ਦੇ ਨਾਂ ਲਿਖੋ।**

ਉੱਤਰ- ਨਨਕਾਣਾ ਸਾਹਿਬ, ਅੰਮ੍ਰਿਤਸਰ, ਕੁਰੂਕਸ਼ੇਤਰ, ਬਦਰੀਨਾਥ, ਮਥੁਰਾ ਅਤੇ ਹਰਿਦੁਆਰ ਆਦਿ।

**10. ਅੰਮ੍ਰਿਤਸਰ ਸ਼ਹਿਰ ਦੀ ਨੀਂਹ ਕਿਸ ਗੁਰੂ ਸਾਹਿਬਾਨ ਨੇ ਅਤੇ ਕਦੋਂ ਰੱਖੀ ਸੀ?**

ਉੱਤਰ- ਅੰਮ੍ਰਿਤਸਰ ਸ਼ਹਿਰ ਦੀ ਨੀਂਹ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ 1577 ਈ. ਵਿੱਚ ਰੱਖੀ ਸੀ।

**11. ਸੂਰਤ ਕਿੱਥੇ ਹੈ?**

ਉੱਤਰ- ਸੂਰਤ ਗੁਜਰਾਤ ਪ੍ਰਾਂਤ ਵਿੱਚ ਸਥਿੱਤ ਹੈ। ਇਹ ਇੱਕ ਪ੍ਰਸਿੱਧ ਬੰਦਰਗਾਹ ਅਤੇ ਵਪਾਰਕ ਨਗਰ ਹੈ

**12. ਕਬਾਇਲੀ ਸਮਾਜ ਦੇ ਲੋਕ ਕਿੱਥੇ ਰਹਿੰਦੇ ਸਨ?**

ਉੱਤਰ- ਕਬਾਇਲੀ ਸਮਾਜ ਦੇ ਲੋਕ ਜੰਗਲਾਂ, ਪਹਾੜਾਂ ਅਤੇ ਰੇਤੀਲੇ ਇਲਾਕਿਆਂ ਆਦਿ ਵਿੱਚ ਰਹਿੰਦੇ ਸਨ।

**13. ਮੱਧਕਾਲੀਨ ਯੁੱਗ ਵਿੱਚ ਪੰਜਾਬ ਵਿੱਚ ਕਿਹੜੇ-ਕਿਹੜੇ ਕਬੀਲੇ ਰਹਿੰਦੇ ਸਨ?**

ਉੱਤਰ- ਮੱਧਕਾਲੀਨ ਯੁੱਗ ਵਿੱਚ ਪੰਜਾਬ ਵਿੱਚ ਖੋਖਰ, ਗੱਖਰ, ਲੰਗਾਂਹ,ਅਰਘੁਨ ਅਤੇ ਬਲੋਚ ਆਦਿ ਕਬੀਲੇ ਰਹਿੰਦੇ ਸਨ।

**14. ਇੱਕ ਨਵੇਂ ਧਰਮ 'ਦੀਨ-ਏ-ਇਲਾਹੀ' ਦੀ ਸਥਾਪਨਾ ਕਿਸ ਨੇ ਕੀਤੀ ਸੀ?**

ਉੱਤਰ- 'ਦੀਨ-ਏ-ਇਲਾਹੀ' ਧਰਮ ਦੀ ਸਥਾਪਨਾ ਅਕਬਰ ਨੇ ਕੀਤੀ ਸੀ।

**15. ਅਦਵੈਤ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ- ਅਦਵੈਤ ਤੋਂ ਭਾਵ ਹੈ ਕਿ ਪ੍ਰਮਾਤਮਾ ਅਤੇ ਜੀਵ-ਆਤਮਾ ਦੋਵੇਂ ਇੱਕੋ ਹੀ ਹਨ ।

**16. ਇਸਲਾਮ ਧਰਮ ਦੀਆਂ ਦੋ ਪ੍ਰਮੁੱਖ ਸੰਪਰਦਾਵਾਂ ਦੇ ਨਾਂ ਲਿਖੋ ।**

ਉੱਤਰ- ਉਲਮਾਂ ਅਤੇ ਸੂਫ਼ੀ ।

**17. ਪੈਗੰਬਰ ਹਜ਼ਰਤ ਮੁਹੰਮਦ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ?**

ਉੱਤਰ- ਪੈਗੰਬਰ ਹਜ਼ਰਤ ਮੁਹੰਮਦ ਦਾ ਜਨਮ 570 ਈ: ਵਿੱਚ ਮੱਕੇ ਵਿੱਚ ਹੋਇਆ ਸੀ ।

**18. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?**

ਉੱਤਰ- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈ. ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ। ਇਸ ਨੂੰ ਅੱਜਕੱਲ੍ਹ ਨਨਕਾਣਾ ਸਾਹਿਬ (ਪਾਕਿਸਤਾਨ) ਕਿਹਾ ਜਾਂਦਾ ਹੈ।

**19. ਪੰਜਾਬੀ ਸਾਹਿਤ ਦਾ ਮੋਢੀ ਜਾਂ ਸੰਸਥਾਪਕ ਕਿਸਨੂੰ ਮੰਨਿਆ ਜਾਂਦਾ ਹੈ** ?

ਉੱਤਰ- ਸ਼ੇਖ ਫ਼ਰੀਦ ਜੀ ਨੂੰ ।

**20. ਭਾਈ ਗੁਰਦਾਸ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ** ?

ਉੱਤਰ- **39** ਵਾਰਾਂ ।

**21. ਪੰਜਾਬੀ ਭਾਸ਼ਾ ਦੇ ਚਾਰ ਪ੍ਰਸਿੱਧ ਕਵੀਆਂ ਦੇ ਨਾਂ ਲਿਖੋ, ਜਿਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਯੋਗਦਾਨ ਦਿੱਤਾ ।**

ਉੱਤਰ- ਸ਼ਾਹ ਹੁਸੈਨ**,** ਬੁੱਲੇ ਸ਼ਾਹ, ਦਾਮੋਦਰ ਅਤੇ ਵਾਰਿਸ ਸ਼ਾਹ।

**22. 18 ਵੀਂ ਸਦੀ ਵਿੱਚ ਸਥਾਪਿਤ ਹੋਈਆਂ ਕਿਸੇ ਚਾਰ ਖੇਤਰੀ ਤਾਕਤਾਂ ਦੇ ਨਾਂ ਲਿਖੋ।**

ਉੱਤਰ- 1. ਮਰਾਠੇ 2. ਹੈਦਰਾਬਾਦ ਦੇ ਨਿਜ਼ਾਮ 3. ਮੈਸੂਰ ਵਿੱਚ ਹੈਦਰ ਅਲੀ ਅਤੇ ਟੀਪੂ ਸੁਲਤਾਨ 4. ਬੰਗਾਲ ਦਾ ਰਾਜ

## ਤਿੰਨ ਅੰਕਾਂ ਵਾਲੇ ਪ੍ਰਸ਼ਨ

**1. ਭਾਰਤੀ ਇਤਿਹਾਸ ਦੇ ਸ੍ਰੋਤ ਕਿੰਨ੍ਹੀ ਪ੍ਰਕਾਰ ਦੇ ਹਨ?**

ਉੱਤਰ- ਭਾਰਤੀ ਇਤਿਹਾਸ ਦੇ ਸ੍ਰੋਤ ਦੋ ਪ੍ਰਕਾਰ ਦੇ ਹਨ:-

**1. ਪੁਰਾਤੱਤਵ ਸ੍ਰੋਤ-** ਪੁਰਾਤੱਤਵ ਸ੍ਰੋਤਾਂ ਵਿੱਚ ਸਮਾਰਕ,ਮੰਦਰ, ਸ਼ਿਲਾਲੇਖ, ਸਿੱਕੇ, ਬਰਤਨ, ਹਥਿਆਰ, ਗਹਿਣੇ, ਚਿੱਤਰ ਆਦਿ ਸ਼ਾਮਿਲ ਹਨ।

**2.ਸਾਹਿਤਿਕ ਸ੍ਰੋਤ**- ਸਾਹਿਤਿਕ ਸ੍ਰੋਤਾਂ ਵਿੱਚ ਜੀਵਨੀਆਂ, ਸਵੈ-ਜੀਵਨੀਆਂ ਬ੍ਰਿਤਾਂਤ, ਵਿਦੇਸ਼ੀ ਯਾਤਰੀਆਂ ਦੇ ਲੇਖ, ਚਿੱਤਰਕਾਰੀ ਅਤੇ ਸੰਗੀਤ ਆਦਿ ਸ਼ਾਮਿਲ ਹਨ।

**2. ਵਿਦੇਸ਼ੀ ਯਾਤਰੀਆਂ ਦੇ ਲੇਖ ਕਿਵੇਂ ਮਹੱਤਵਪੂਰਨ ਇਤਿਹਾਸਿਕ ਸ੍ਰੋਤ ਹਨ?**

ਉੱਤਰ-ਮੱਧਕਾਲੀਨ ਯੁੱਗ ਦੌਰਾਨ ਯਾਤਰੀਆਂ ਦੁਆਰਾ ਲਿਖੇ ਗਏ ਲੇਖ ਮਹੱਤਵਪੂਰਨ ਸਾਹਿਤਿਕ ਸ੍ਰੋਤ ਹਨ। ਇਬਨਬਤੂਤਾ ਦੇ **'ਕਿਤਾਬ-ਉਲ-ਰੀਹੇਲਾ ਲੇਖ'** ਵਿੱਚ ਮਹੁੰਮਦ-ਬਿਨ-ਤੁਗਲਕ ਦੇ ਰਾਜਕਾਲ ਬਾਰੇ ਜਾਣਕਾਰੀ ਮਿਲਦੀ ਹੈ। ਅਲਬਰੂਨੀ ਨੇ ਵੀ ਭਾਰਤ ਵਿੱਚ ਆਪਣੇ ਠਹਿਰਨ ਸੰਬੰਧੀ ਲੇਖ

ਲਿਖਿਆ ਸੀ। ਅਬਦੁਲ ਰਜ਼ਾਕ ਨੇ ਵਿਜੈਨਗਰ ਰਾਜ ਦੀ ਯਾਤਰਾ ਕੀਤੀ ਅਤੇ ਉਸ ਸਮੇਂ ਰਾਜ ਦੀ ਮੌਜੂਦਾ ਸਥਿਤੀ ਬਾਰੇ ਲੇਖ ਲਿਖਿਆ। ਯੂਰਪੀਨ ਯਾਤਰੀਆਂ ਨੇ ਭਾਰਤ ਵਿੱਚ ਆਪਣੀ ਯਾਤਰਾ ਸਮੇਂ ਲਿਖੇ ਗਏ ਲੇਖਾਂ ਵਿੱਚ ਉਸ ਸਮੇਂ ਭਾਰਤ ਦੀ ਦਸ਼ਾ ਬਾਰੇ ਜਾਣਕਾਰੀ ਦਿੱਤੀ ਹੈ।

**3. ਮੱਧਕਾਲੀਨ ਯੁੱਗ ਦੌਰਾਨ ਜਾਤੀ ਪ੍ਰਥਾ ਕਿਸ ਤਰ੍ਹਾਂ ਦੀ ਸੀ ?**

ਉੱਤਰ- ਮੱਧਕਾਲੀਨ ਯੁੱਗ ਦੌਰਾਨ ਸਮਾਜ ਚਾਰ ਪ੍ਰਮੁੱਖ ਵਰਗਾਂ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਇਹ ਚਾਰੇ ਜਾਤਾਂ ਅੱਗੋਂ ਉਪ-ਜਾਤਾਂ ਵਿੱਚ ਵੰਡੀਆਂ ਹੋਈਆਂ ਸਨ। ਸਮਾਜ ਵਿੱਚ ਬ੍ਰਾਹਮਣਾਂ ਨੂੰ ਬਹੁਤ ਸਨਮਾਨ ਪ੍ਰਾਪਤ ਸੀ। ਸਾਰੀਆਂ ਰਸਮਾਂ ਉਹਨਾਂ ਦੁਆਰਾ ਹੀ ਪੂਰੀਆਂ ਕੀਤੀਆਂ ਜਾਂਦੀਆਂ ਸਨ। ਨੀਵੀਂ ਜਾਤੀ ਨਾਲ ਭੈੜਾ ਸਲੂਕ ਕੀਤਾ ਜਾਂਦਾ ਸੀ। ਉੱਚੀ ਜਾਤੀ ਦੇ ਲੋਕ ਨੀਵੀਂ ਜਾਤੀ ਦੇ ਲੋਕਾਂ ਨਾਲ ਨਫਰਤ ਕਰਦੇ ਸਨ। ਸਮਾਜ ਵਿੱਚ ਜਾਤੀ ਨਿਯਮ ਬੜੇ ਕਠੋਰ ਸਨ।

**4. ਮੁਹੰਮਦ ਗੌਰੀ ਨੇ ਭਾਰਤ ਤੇ ਹਮਲੇ ਕਿਉਂ ਕੀਤੇ ?**

ਉੱਤਰ-ਮੁਹੰਮਦ ਗੌਰੀ, ਅਫ਼ਗਾਨਿਸਤਾਨ ਦੇ ਗੌਰ ਰਾਜ ਦਾ ਸ਼ਾਸਕ ਸੀ। ਉਹ ਭਾਰਤ ਵਿੱਚ ਆਪਣਾ ਰਾਜ ਸਥਾਪਿਤ ਕਰਨਾ ਹੀ ਨਹੀਂ ਚਾਹੁੰਦਾ ਸੀ, ਸਗੋਂ ਉਹ ਭਾਰਤ ਵਿੱਚ ਮੁਸਲਿਮ ਰਾਜ ਵੀ ਸਥਾਪਿਤ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਭਾਰਤ ਤੇ '7 ਵਾਰ ਹਮਲੇ ਕੀਤੇ।

**5. ਦਿੱਲੀ ਸਲਤਨਤ ਦੇ ਇਤਿਹਾਸ ਦਾ ਨਿਰਮਾਣ ਕਰਨ ਲਈ ਇਤਿਹਾਸਿਕ ਇਮਾਰਤਾਂ ਨੇ ਕੀ ਯੋਗਦਾਨ ਪਾਇਆ?**

ਉੱਤਰ- ਦਿੱਲੀ ਸਲਤਨਤ ਦੇ ਸਮੇਂ ਦੀਆਂ ਮੁੱਖ ਇਤਿਹਾਸਿਕ ਇਮਾਰਤਾਂ ਜਿਵੇਂ ਕਿ ਕੁਵੱਤ-ਅਲ-ਇਸਲਾਮ ਮਸਜਿਦ, ਅਲਾਈ ਦਰਵਾਜ਼ਾ, ਹੌਜ਼ ਖਾਸ, ਲੋਧੀ ਗੁਬੰਦ, ਤੁਗ਼ਲਕਾਬਾਦ ਅਤੇ ਫ਼ਿਰੋਜ਼ਸਾਹ ਕੋਟਲਾ ਆਦਿ ਹਨ ਜਿਨ੍ਹਾਂ ਤੋਂ ਸਾਨੂੰ ਦਿੱਲੀ ਦੇ ਸੁਲਤਾਨਾਂ ਦੀਆਂ ਕਲਾਤਮਿਕ ਰੁਚੀਆਂ ਬਾਰੇ ਜਾਣਕਾਰੀ ਮਿਲਦੀ ਹੈ।

**6. ਮੁਹੰਮਦ-ਬਿਨ-ਤੁਗਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ ਕਿਉਂ ਬਦਲੀ ਸੀ?**

ਉੱਤਰ-ਮੁਹੰਮਦ-ਬਿਨ-ਤੁਗਲਕ ਦੇ ਕੋਲ ਇੱਕ ਵਿਸ਼ਾਲ ਸਾਮਰਾਜ ਸੀ। ਇਸ ਲਈ 1327 ਈ. ਵਿੱਚ ਉਸਨੇ ਸਾਮਰਾਜ ਦੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ(ਦੌਲਤਾਬਾਦ) ਬਦਲਣ ਦਾ ਫੈਸਲਾ ਕੀਤਾ। ਇਸਦੇ ਹੇਠ ਲਿਖੇ ਕਾਰਨ ਸਨ:-

1. ਸਾਮਰਾਜ ਦੀ ਮੰਗੋਲਾਂ ਦੇ ਹਮਲਿਆਂ ਤੋਂ ਰੱਖਿਆ ਕਰਨ ਲਈ।
2. ਸਾਮਰਾਜ ਦੇ ਸਾਸ਼ਨ ਪ੍ਰਬੰਧ ਨੂੰ ਦਿੱਲੀ ਦੀ ਬਜਾਏ ਦੇਵਗਿਰੀ ਤੋਂ ਚੰਗੀ ਤਰ੍ਹਾਂ ਚਲਾ ਸਕਣਾ।

**7. ਉੱਤਰੀ ਭਾਰਤ ਦੇ ਪ੍ਰਮੁੱਖ ਮੰਦਰ ਕਿਹੜੇ ਹਨ?**

ਉੱਤਰ- 1. ਜਗਨਨਾਥ ਪੁਰੀ ਵਿੱਚ ਵਿਸ਼ਨੂੰ ਦਾ ਮੰਦਰ
2. ਭੁਵਨੇਸ਼ਵਰ ਵਿੱਚ ਲਿੰਗਰਾਜ ਮੰਦਰ
3. ਕੋਨਾਰਕ ਵਿੱਚ ਸੂਰਜ ਮੰਦਰ
4. ਬੁੰਦੇਲਖੰਡ ਵਿੱਚ ਖਜੁਰਾਹੋਂ ਦਾ ਮਹਾਂਦੇਵ ਮੰਦਰ
5. ਮਾਊਂਟਆਬੂ ਵਿੱਚ ਤੇਜ਼ ਪਾਲ ਮੰਦਰ।

**8. ਕਬੀਲਿਆਂ ਦੇ ਲੋਕਾਂ ਦਾ ਪ੍ਰਮੁੱਖ ਕਿੱਤਾ ਕਿਹੜਾ ਸੀ?**

ਉੱਤਰ- ਕਬੀਲਿਆਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਪਰ ਕਈ ਕਬੀਲਿਆਂ ਦੇ ਲੋਕ ਸ਼ਿਕਾਰ ਕਰਨਾ, ਸੰਗ੍ਰਿਹਕ ਜਾਂ ਪਸ਼ੂ-ਪਾਲਣ ਦਾ ਕੰਮ ਵੀ ਕਰਦੇ ਸਨ।

**9. ਖਾਨਾਬਦੋਸ਼ ਤੋਂ ਕੀ ਭਾਵ ਹੈ?**

ਉੱਤਰ- ਕੁੱਝ ਕਬੀਲਿਆਂ ਦੇ ਲੋਕ ਆਪਣਾ ਜੀਵਨ ਨਿਰਬਾਹ ਕਰਨ ਕਰਕੇ ਇੱਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਦੇ ਫਿਰਦੇ ਰਹਿੰਦੇ ਸਨ, ਜਿਨ੍ਹਾਂ ਨੂੰ ਖਾਨਾਬਦੋਸ਼ ਕਿਹਾ ਜਾਂਦਾ ਸੀ।

**10. ਸੁਫਾਕਾ ਕੌਣ ਸੀ?**

ਉੱਤਰ- ਸੁਫਾਕਾ ਅਹੋਮ ਵੰਸ਼ ਦਾ ਪਹਿਲਾ ਸ਼ਾਸਕ ਸੀ। ਉਸਨੇ 1228 ਈ. ਤੋਂ 1268 ਈ. ਤੱਕ ਰਾਜ ਕੀਤਾ। ਉਸਨੇ ਆਪਣੇ ਖੇਤਰ ਦੇ ਸਥਾਨਕ ਸ਼ਾਸਕਾਂ ਨੂੰ ਹਰਾਇਆ। ਉਸਨੇ ਕੰਚਾਰੀ, ਮੋਰਨ ਅਤੇ ਨਾਗ ਆਦਿ ਸਥਾਨਕ ਵੰਸ਼ਾਂ ਨੂੰ ਵੀ ਹਰਾਇਆ। ਉਸਨੇ ਬ੍ਰਹਮਪੁੱਤਰ ਤੱਕ ਆਪਣੇ ਰਾਜ ਦੀਆਂ ਹੱਦਾਂ ਦਾ ਵਿਸਥਾਰ ਕੀਤਾ। ਉਸ ਦੀ ਰਾਜਧਾਨੀ ਗੜਗਾਉਂ ਸੀ।

**11. ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲੇ ਦੇ ਸੰਸਥਾਪਕਾਂ ਦੇ ਨਾਂ ਲਿਖੋ।**

ਉੱਤਰ- ਚਿਸ਼ਤੀ ਸਿਲਸਿਲੇ ਦੀ ਸਥਾਪਨਾ ਖਵਾਜਾ ਮੁਈਨੁੱਦੀਨ ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲੇ ਦੀ ਸਥਾਪਨਾ ਮਖਦੂਮ ਬਹਾਉੱਦੀਨ ਜ਼ਕਰੀਆ ਨੇ ਕੀਤੀ।

**12. ਸੰਤ ਰਾਮਾਨੁਜ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ- ਸੰਤ ਰਾਮਾਨੁਜ ਜੀ ਦੱਖਣੀ ਭਾਰਤ ਵਿੱਚ ਵੈਸ਼ਨਵ ਮਤ ਦੇ ਮਹਾਨ ਪ੍ਰਚਾਰਕ ਸਨ। ਉਹ ਇੱਕ ਤਾਮਿਲ ਬ੍ਰਾਹਮਣ ਸੀ। ਉਹ ਭਗਵਾਨ ਵਿਸ਼ਨੂੰ ਜੀ ਦੇ ਭਗਤ ਸਨ। ਉਹਨਾਂ ਨੇ ਸਮਾਜ ਵਿੱਚ ਪ੍ਰਚਲਿਤ ਜਾਤ-ਪਾਤ, ਖੋਖਲੇ ਰੀਤੀ-ਰਿਵਾਜ਼ਾਂ ਅਤੇ ਅੰਧ- ਵਿਸ਼ਵਾਸ ਦਾ ਵਿਰੋਧ ਕੀਤਾ।

## ਪੰਜ ਅੰਕਾਂ ਵਾਲੇ ਪ੍ਰਸ਼ਨ:-

**1. ਬਲਬਨ ਨੇ ਸਲਤਨਤ ਦਾ ਸੰਨਠਨ ਕਿਵੇਂ ਕੀਤਾ?**

ਉੱਤਰ- ਬਲਬਨ 1266 ਈ: ਵਿੱਚ ਦਿੱਲੀ ਦਾ ਸੁਲਤਾਨ ਬਣਿਆ। ਉਹ ਦਿੱਲੀ ਸਲਤਨਤ ਦਾ ਮਹਾਨ ਸ਼ਾਸਕ ਸੀ। ਬਲਬਨ ਨੇ ਦਿੱਲੀ ਸਲਤਨਤ ਦਾ ਸੰਗਠਨ ਕਰਨ ਲਈ ਬਹੁਤ ਸਾਰੇ ਕੰਮ ਕੀਤੇ-

1. ਉਸ ਨੇ ਦਿੱਲੀ ਦੇ ਨੇੜੇ ਮੇਵਾਤੀਆਂ ਦੁਆਰਾ ਫੈਲਾਈ ਹੋਈ ਅਸ਼ਾਂਤੀ ਅਤੇ ਦੁਆਬੇ ਦੇ ਲੁਟੇਰਿਆਂ 'ਤੇ ਕਾਬੂ ਪਾਇਆ।
2. ਉਸਨੇ ਬੰਗਾਲ ਵਿੱਚ ਤੁਗਰਿਲ ਖਾਨ ਦੇ ਵਿਦਰੋਹ ਨੂੰ ਕੁਚਲ ਦਿੱਤਾ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ।
3. ਉਸ ਨੇ ਫੌਜ ਦਾ ਪੁਨਰ-ਗਠਨ ਕੀਤਾ।
4. ਬਲਬਨ ਨੇ ਮੰਗੋਲਾਂ ਵਿਰੁੱਧ ਇੱਕ ਕਠੋਰ ਨੀਤੀ ਅਪਣਾਈ, ਜਿਸਨੂੰ 'ਲਹੂ ਅਤੇ ਲੋਹੇ' ਦੀ ਨੀਤੀ ਕਿਹਾ ਜਾਂਦਾ ਹੈ।
5. ਉਸਨੇ ਸ਼ਾਸਨ ਪ੍ਰਬੰਧ ਵਿੱਚ ਸੁਧਾਰ ਕੀਤੇ ਅਤੇ ਆਪਣੀ ਪਰਜਾ ਨੂੰ ਨਿਆਂ ਦਿੱਤਾ।

**2. ਮੁਹੰਮਦ-ਬਿਨ-ਤੁਗਲਕ ਦੀਆਂ ਯੋਜਨਾਵਾਂ ਦੇ ਕੀ ਸਿੱਟੇ ਨਿੱਕਲੇ?**

ਉੱਤਰ-ਮੁਹੰਮਦ-ਬਿਨ-ਤੁਗਲਕ ਦੇ ਰਾਜਨੀਤਿਕ ਉਦੇਸ਼ ਬਹੁਤ ਉੱਚੇ ਸਨ। ਉਸਨੇ ਕਈ ਰਾਜਨੀਤਿਕ ਯੋਜਨਾਵਾਂ ਬਣਾਈਆਂ, ਪਰ ਇਹ ਸਾਰੀਆਂ ਯੋਜਨਾਵਾਂ ਅਸਫ਼ਲ ਰਹੀਆਂ। 1327 ਈ. ਵਿੱਚ ਮੁਹੰਮਦ-ਬਿਨ-ਤੁਗਲਕ ਨੇ ਦਿੱਲੀ ਦੀ ਥਾਂ ਦੇਵਗਿਰੀ ਨੂੰ ਆਪਣੀ ਰਾਜਧਾਨੀ ਬਣਾਇਆ ਪਰੰਤੂ ਉਸਦੀ ਰਾਜਧਾਨੀ ਬਦਲਣ ਦੀ ਯੋਜਨਾ ਅਸਫ਼ਲ ਹੋ ਗਈ। ਲੰਬੀ ਯਾਤਰਾ ਕਰਕੇ ਅਨੇਕਾਂ ਲੋਕ ਰਾਹ ਵਿੱਚ ਹੀ ਮਰ ਗਏ। ਉਸਨੇ ਚਾਂਦੀ ਦੇ ਟਕੇ ਦੀ ਥਾਂ ਕਾਂਸੇ ਦੇ ਸਿੱਕੇ ਜਾਰੀ ਕੀਤੇ। ਉਨ੍ਹਾਂ ਦੀ ਕੀਮਤ ਚਾਂਦੀ ਦੇ ਸਿੱਕਿਆਂ ਦੇ ਬਰਾਬਰ ਸੀ। ਪਰੰਤੂ ਉਸਦੀ ਇਹ ਯੋਜਨਾ ਵੀ ਅਸਫ਼ਲ ਰਹੀ ਕਿਉਂਕਿ ਲੋਕਾਂ ਨੇ ਨਕਲੀ ਸਿੱਕੇ ਬਣਾ ਲਏ। ਇਸਨੇ ਦੁਆਬ ਵਿੱਚ ਭੂਮੀ ਲਗਾਨ ਵਧਾ ਦਿੱਤਾ ਪਰੰਤੂ ਉਸਨੇ ਅਜਿਹਾ ਗਲਤ ਸਮੇਂ ਤੇ ਕੀਤਾ ਸੀ ਕਿਉਂਕਿ ਉੱਥੇ ਭਿਆਨਕ ਕਾਲ ਪੈ ਜਾਣ ਕਾਰਨ ਫ਼ਸਲ ਦੀ ਬਹੁਤ ਕਮੀ ਹੋ ਗਈ ਸੀ। ਇਸ ਲਈ ਕਿਸਾਨ ਲਗਾਨ ਨਾ ਦੇ ਸਕੇ ।ਦੁਆਬ ਵਿੱਚ ਲਗਾਨਬੰਦੀ ਦੇ ਕਾਰਨ ਕਿਸਾਨਾਂ ਨੇ ਉਸ ਵਿਰੁੱਧ ਵਿਦਰੋਹ ਕਰ ਦਿੱਤਾ। ਖ਼ੁਰਾਸਾਨ ਨੂੰ ਜਿੱਤਣ ਦੀ ਯੋਜਨਾ ਵੀ ਅਸਫ਼ਲ ਰਹੀ।

**3. ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਤੇ ਹਮਲਾ ਕਰਨ ਲਈ ਸੱਦਾ ਕਿਉਂ ਭੇਜਿਆ ਸੀ?**

ਉੱਤਰ-ਦਿੱਲੀ ਸਲਤਨਤ ਦੇ ਸੁਲਤਾਨ ਇਬਰਾਹੀਮ ਲੋਧੀ ਨੇ ਪੰਜਾਬ ਦੇ ਸੂਬੇਦਾਰ ਦੌਲਤ ਖਾਂ ਲੋਧੀ ਨਾਲ ਬੁਰਾ ਵਿਵਹਾਰ ਕੀਤਾ ਸੀ ਅਤੇ ਉਸਦੇ ਪੁੱਤਰ ਦਾ ਅਪਮਾਨ ਕੀਤਾ ਸੀ। ਇਸ ਕਰਕੇ ਦੌਲਤ ਖਾਂ ਲੋਧੀ ਅਤੇ ਮੇਵਾੜ ਦੇ ਸ਼ਾਸਕ ਰਾਣਾ ਸਾਂਗਾ ਨੇ ਕਾਬੁਲ ਦੇ ਸ਼ਾਸਕ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਸੱਦਾ ਭੇਜਿਆ। ਬਾਬਰ ਨੇ 1526 ਈ. ਵਿੱਚ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾਇਆ।

**4. ਬਾਬਰ ਦੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- 1526 ਈ. ਵਿੱਚ ਬਾਬਰ ਨੇ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾ ਕੇ ਦਿੱਲੀ ਅਤੇ ਆਗਰੇ 'ਤੇ ਕਬਜ਼ਾ ਕਰ ਲਿਆ। ਉਸ ਨੇ ਰਾਣਾ ਸਾਂਗਾ ਨੂੰ 1527 ਈ: ਵਿੱਚ ਕਨਵਾਹ ਦੀ ਲੜਾਈ ਵਿੱਚ ਹਰਾਇਆ। ਇਸ ਤਰ੍ਹਾਂ ਬਾਬਰ ਨੇ ਉੱਤਰੀ ਭਾਰਤ 'ਤੇ ਅਧਿਕਾਰ ਕਰ ਲਿਆ। 1528 ਈ. ਵਿੱਚ ਚੰਦੇਰੀ ਦੀ ਲੜਾਈ ਵਿੱਚ ਰਾਜਪੂਤਾਂ ਨੂੰ ਵੀ ਬੁਰੀ ਤਰ੍ਹਾਂ ਹਰਾਇਆ। 1529 ਈ. ਬਾਬਰ ਨੇ ਅਫਗਾਨਾਂ ਨੂੰ ਘਾਘਰਾ ਦੀ ਲੜਾਈ ਵਿੱਚ ਹਰਾਇਆ।

**5. ਅਕਬਰ ਦੀਆਂ ਜਿੱਤਾਂ ਬਾਰੇ ਲਿਖੋ।**

ਉੱਤਰ- ਅਕਬਰ ਨੇ ਰਾਜਗੱਦੀ ਤੇ ਬੈਠਣ ਮਗਰੋਂ 1556 ਈ: ਵਿੱਚ ਪਾਣੀਪਤ ਦੀ ਦੂਜੀ ਲੜਾਈ ਵਿੱਚ ਹੇਮੂੰ ਨੂੰ ਹਰਾਇਆ ਅਤੇ ਦਿੱਲੀ ਤੇ ਅਧਿਕਾਰ ਕਰ ਲਿਆ। ਉਸ ਨੇ ਆਪਣੇ ਸਾਮਰਾਜ ਦਾ ਵਿਸਥਾਰ ਕਰਨ ਲਈ 1561 ਈ. ਵਿੱਚ ਮਾਲਵਾ ਤੇ ਜਿੱਤ ਪ੍ਰਾਪਤ ਕੀਤੀ ਅਤੇ ਉਸ ਤੋਂ ਬਾਅਦ ਉਸਨੇ ਗਵਾਲੀਅਰ, ਜੌਨਪੁਰ ਅਤੇ ਅਜ਼ਮੇਰ 'ਤੇ ਜਿੱਤ ਪ੍ਰਾਪਤ ਕੀਤੀ। 1595 ਈ. ਵਿੱਚ ਉਸਨੇ ਕਸ਼ਮੀਰ, ਸਿੰਧ, ਉੜੀਸਾ, ਮੱਧ ਭਾਰਤ ਦੇ ਜ਼ਿਆਦਾ ਹਿੱਸੇ ਅਤੇ ਕੰਧਾਰ 'ਤੇ ਵੀ ਜਿੱਤ ਪ੍ਰਾਪਤ ਕਰ ਲਈ। 1595 ਤੋਂ 1601 ਈ. ਦੌਰਾਨ ਉੱਤਰੀ ਭਾਰਤ ਮੁਗਲਾਂ ਦੇ ਅਧੀਨ ਹੋ ਗਿਆ। ਮੁਗਲਾਂ ਨੇ ਬਰਾਰ, ਖਾਨਦੇਸ਼ ਅਤੇ ਅਹਿਮਦ ਨਗਰ ਰਾਜ ਦੇ ਹਿੱਸਿਆਂ ਉੱਤੇ ਸਮੁੱਚੇ ਰੂਪ ਵਿੱਚ ਅਧਿਕਾਰ ਕਰ ਲਿਆ ਸੀ ਅਤੇ ਅਕਬਰ ਭਾਰਤ ਦੇ ਵੱਡੇ ਹਿੱਸੇ ਦਾ ਬਾਦਸ਼ਾਹ ਬਣ ਗਿਆ।

**6. ਮੁਗਲ ਬਾਦਸ਼ਾਹ ਸ਼ਾਹਜਹਾਂ ਨੂੰ ਭਵਨ ਨਿਰਮਾਤਾਵਾਂ ਦਾ ਸ਼ਹਿਜ਼ਾਦਾ ਕਿਉਂ ਕਿਹਾ ਜਾਂਦਾ ਹੈ?**

ਉੱਤਰ- ਮੁਗਲ ਸ਼ਾਸਕਾਂ ਵਿੱਚੋਂ ਸ਼ਾਹਜਹਾਂ ਇੱਕ ਮਹਾਨ ਭਵਨ ਨਿਰਮਾਤਾ ਸੀ। ਇਸ ਲਈ ਉਸ ਨੂੰ ਭਵਨ ਨਿਰਮਾਤਾਵਾਂ ਦਾ ਸ਼ਹਿਜ਼ਾਦਾ ਕਿਹਾ ਜਾਂਦਾ ਹੈ। ਉਸ ਨੇ ਆਪਣੇ ਰਾਜਕਾਲ ਦੌਰਾਨ ਬਹੁਤ ਸਾਰੀਆਂ ਇਮਾਰਤਾਂ ਬਣਾਈਆਂ। ਉਸ ਦੁਆਰਾ ਆਗਰੇ ਦੇ ਕਿਲ੍ਹੇ ਵਿੱਚ ਦੀਵਾਨ-ਏ-ਖਾਸ ਅਤੇ ਦੀਵਾਨ-ਏ-ਆਮ ਦਾ ਨਿਰਮਾਣ ਕਰਵਾਇਆ ਗਿਆ। ਉਸ ਉਆਰਾ ਮੋਤੀ ਮਸਜਿਦ, ਤਾਜ ਮਹਿਲ ਆਦਿ ਸੁੰਦਰ ਇਮਾਰਤਾਂ ਦਾ ਨਿਰਮਾਣ ਕਰਵਾਇਆ। ਆਗਰੇ ਵਿਖੇ ਜਮੁਨਾ ਨਦੀ ਦੇ ਕਿਨਾਰੇ 'ਤੇ ਬਣੀ **ਤਾਜ ਮਹਿਲ** ਦੀ ਇਮਾਰਤ ਸਭ ਤੋਂ ਜ਼ਿਆਦਾ ਪ੍ਰਸਿੱਧ ਹੈ।

**7. ਦਿੱਲੀ ਸਲਤਨਤ ਕਾਲ ਦੌਰਾਨ ਖੇਤਰੀ ਭਾਸ਼ਾਵਾਂ ਦਾ ਵਿਕਾਸ ਕਿਉਂ ਹੋਇਆ ਸੀ?**

ਉੱਤਰ- ਦਿੱਲੀ ਸਲਤਨਤ ਕਾਲ ਦੌਰਾਨ ਭਗਤੀ ਲਹਿਰ ਦੇ ਕਾਰਨ ਹਿੰਦੀ, ਗੁਜਰਾਤੀ, ਮਰਾਠੀ, ਤੇਲਗੂ, ਤਾਮਿਲ, ਪੰਜਾਬੀ ਅਤੇ ਕੰਨੜ ਆਦਿ ਖੇਤਰੀ ਭਾਸ਼ਾਵਾਂ ਦਾ ਬਹੁਤ ਵਿਕਾਸ ਹੋਇਆ। ਬਹੁਤ ਸਾਰੀਆਂ ਪਵਿੱਤਰ ਧਾਰਮਿਕ ਪੁਸਤਕਾਂ ਦਾ ਸੰਸਕ੍ਰਿਤ ਭਾਸ਼ਾ ਤੋਂ ਭਿੰਨ- ਭਿੰਨ ਖੇਤਰੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ। ਸੰਤਾਂ ਨੇ ਲੋਕਾਂ ਨੂੰ ਉਨ੍ਹਾਂ ਦੀਆਂ ਖੇਤਰੀ ਭਾਸ਼ਾਵਾਂ ਵਿੱਚ ਉਪਦੇਸ਼ ਦਿੱਤੇ।

**8. ਆਦਿ ਗ੍ਰੰਥ ਸਾਹਿਬ ਜੀ ਦਾ ਸੰਖੇਪ ਵਰਨਣ ਕਰੋ।**

ਉੱਤਰ- ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿੱਚ ਆਦਿ ਗ੍ਰੰਥ ਸਾਹਿਬ ਦੀ ਰਚਨਾ ਕੀਤੀ । ਆਦਿ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ। ਬਾਅਦ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਇਸ ਗ੍ਰੰਥ ਵਿੱਚ ਸ਼ਾਮਿਲ ਕੀਤੀ ਗਈ। ਸਿੱਖ ਗੁਰੂਆਂ ਤੋਂ ਇਲਾਵਾ ਆਦਿ ਗ੍ਰੰਥ ਸਾਹਿਬ ਵਿੱਚ ਹਿੰਦੂ ਭਗਤਾਂ, ਸੂਫ਼ੀ ਸੰਤਾਂ ਅਤੇ ਕੁੱਝ ਭੱਟਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ।

**9. 18 ਵੀਂ ਸਦੀ ਵਿੱਚ ਅਵਧ ਦੇ ਉਥਾਨ ਦਾ ਸੰਖੇਪ ਵਰਨਣ ਕਰੋ।**

ਉੱਤਰ- ਸਆਦਤ ਖਾਂ 1722 ਈ. ਵਿੱਚ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਅਧੀਨ ਅਵਧ ਦਾ ਸੂਬੇਦਾਰ ਬਣਿਆ। ਉਸਨੇ ਰਾਜ ਦੀ ਆਰਥਿਕ ਸਥਿਤੀ ਵਿੱਚ ਲੋੜੀਂਦੇ ਸੁਧਾਰ ਕੀਤੇ ਅਤੇ ਖੇਤੀਬਾੜੀ ਵੱਲ ਵਿਸ਼ੇਸ ਧਿਆਨ ਦਿੱਤਾ। ਉਸਦੀ ਮੌਤ ਤੋਂ ਬਾਅਦ ਸਫ਼ਦਰ ਜੰਗ, ਸ਼ੁਜਾ-ਉਦ-ਦੌਲਾ ਅਤੇ ਆਸਫ਼-ਉਦ-ਦੌਲਾ ਨੇ ਅਵਧ 'ਤੇ ਰਾਜ ਕੀਤਾ। ਅੰਗਰੇਜ਼ੀ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਨੇ ਆਸਫ਼-ਉਦ-ਦੌਲਾ ਨੂੰ ਫ਼ੈਜਾਬਾਦ ਦੀ ਸੰਧੀ ਕਰਨ ਲਈ ਮਜ਼ਬੂਰ ਕੀਤਾ। ਉਸ ਨੂੰ ਅਵਧ ਵਿੱਚ ਰੱਖੀ ਅੰਗਰੇਜ਼ੀ ਸੈਨਾ ਬਦਲੇ ਦਿੱਤੀ ਜਾਣ ਵਾਲੀ ਰਕਮ ਨੂੰ ਵਧਾਉਣ ਲਈ ਵੀ ਮਜ਼ਬੂਰ ਕੀਤਾ ਗਿਆ।

**10. 18 ਵੀਂ ਸਦੀ ਵਿੱਚ ਸਿੱਖ ਕਿਸ ਤਰ੍ਹਾਂ ਸ਼ਕਤੀਸ਼ਾਲੀ ਬਣੇ?**

ਉੱਤਰ- 18ਵੀਂ ਸਦੀ ਦੌਰਾਨ ਸਿੱਖਾਂ ਅਤੇ ਮੁਗਲਾਂ ਵਿਚਾਲੇ ਇੱਕ ਲੰਬਾ ਸੰਘਰਸ਼ ਹੋਇਆ। ਇਸ ਸਮੇਂ ਦੌਰਾਨ ਮੁਗਲਾਂ ਨੇ ਸਿੱਖਾਂ ਉੱਤੇ ਬਹੁਤ ਅੱਤਿਆਚਾਰ ਕੀਤੇ। ਮੁਗਲਾਂ ਦੇ ਅੱਤਿਆਚਾਰਾਂ ਦਾ ਖਾਤਮਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਖਾਲਸਾ ਪੰਥ ਦੀ ਸਿਰਜਨਾ ਕੀਤੀ। ਸਿੱਖਾਂ ਅਤੇ ਮੁਗਲਾਂ ਵਿਚਕਾਰ ਕਈ ਲੜਾਈਆਂ ਹੋਈਆਂ। ਗੁਰੂ ਗੋਬਿੰਦ ਸਿੰਘ ਜੀ ਦੇ 1708 ਈ. ਵਿੱਚ ਜੋਤੀ-ਜੋਤ ਸਮਾਉਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਦੀ ਅਗਵਾਈ ਕੀਤੀ। ਉਸ ਨੇ ਜਲਾਲਾਬਾਦ, ਕਰਨਾਲ, ਪਾਨੀਪਤ, ਅੰਮ੍ਰਿਤਸਰ, ਗੁਰਦਾਸਪੁਰ, ਕਲਾਨੌਰ ਅਤੇ ਪਠਾਨਕੋਟ ਆਦਿ ਸਥਾਨਾਂ 'ਤੇ ਜਿੱਤ ਪ੍ਰਾਪਤ ਕੀਤੀ। 1716 ਈ. ਵਿੱਚ ਬੰਦਾ ਸਿੰਘ ਬਹਾਦਰ ਨੂੰ ਮੁਗਲਾਂ ਨੇ ਸ਼ਹੀਦ ਕਰ ਦਿੱਤਾ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਨੂੰ ਇਕੱਠਾ ਕਰਕੇ ਪੰਜਾਬ ਵਿੱਚ ਸੁਤੰਤਰ ਰਾਜ ਦੀ ਸਥਾਪਨਾ ਕੀਤੀ।

**11.ਹੈਦਰ ਅਲੀ ਅਤੇ ਟੀਪੂ ਸੁਲਤਾਨ ਨੇ ਮੈਸੂਰ ਨੂੰ ਕਿਵੇਂ ਇੱਕ ਤਾਕਤਵਰ ਰਾਜ ਬਣਾਇਆ?**

ਉੱਤਰ- ਹੈਦਰ ਅਲੀ ਅਤੇ ਟੀਪੂ ਸੁਲਤਾਨ ਨੇ ਅੰਗਰੇਜ਼ਾਂ ਨਾਲ ਜ਼ਬਰਦਸਤ ਟੱਕਰ ਲਈ । ਹੈਦਰ ਅਲੀ 1761 ਈ. ਵਿੱਚ ਮੈਸੂਰ ਦਾ ਸ਼ਾਸਕ ਬਣਿਆ। ਹੈਦਰ ਅਲੀ ਨੇ ਬਹੁਤ ਸਾਰੇ ਇਲਾਕਿਆਂ ਨੂੰ ਜਿੱਤ ਕੇ, ਮੈਸੂਰ ਨੂੰ ਇੱਕ ਸ਼ਕਤੀਸ਼ਾਲੀ ਰਾਜ ਬਣਾਇਆ। ਉਸਨੇ ਮਰਾਠਿਆਂ , ਹੈਦਰਾਬਾਦ ਦੇ ਨਿਜ਼ਾਮ, ਕਰਨਾਟਕ ਦੇ ਸ਼ਾਸਕਾਂ ਅਤੇ ਅੰਗਰੇਜ਼ਾਂ ਨਾਲ ਬਹੁਤ ਸਾਰੀਆਂ ਲੜਾਈਆਂ ਲੜੀਆਂ। ਉਸਨੇ ਅੰਗਰੇਜਾਂ ਨੂੰ ਪਹਿਲੇ 'ਐਂਗਲੋ-ਮੈਸੂਰ-ਯੁੱਧ' ਵਿੱਚ ਬੁਰੀ ਤਰਾਂ ਹਰਾਇਆ। ਦੂਸਰੇ 'ਐਂਗਲੋ-ਮੈਸੂਰ-ਯੁੱਧ' ਯੁੱਧ ਵਿੱਚ ਹੈਦਰ ਅਲੀ ਦੀ ਮੌਤ ਤੋਂ ਬਾਅਦ, ਉਸਦਾ ਪੁੱਤਰ ਟੀਪੂ ਸੁਲਤਾਨ ਮੈਸੂਰ ਦਾ ਸ਼ਾਸ਼ਕ ਬਣਿਆ। ਉਸ ਨੂੰ 'ਮੈਸੂਰ ਦਾ ਟਾਈਗਰ' ਕਿਹਾ ਜਾਂਦਾ ਸੀ। ਉਹ ਇੱਕ ਮਹਾਨ ਦੇਸ਼ ਭਗਤ ਸੀ। ਉਹ ਅੰਗਰੇਜ਼ੀ ਸ਼ਾਸਨ ਨੂੰ ਖਤਮ ਕਰਨਾ ਚਾਹੁੰਦਾ ਸੀ, ਇਸ ਲਈ ਉਸਨੇ ਆਪਣੀ ਫ਼ੌਜ ਦੇ ਹਥਿਆਰਾਂ ਦਾ ਆਧੁਨਿਕੀਕਰਣ ਕੀਤਾ। ਉਸਨੇ ਆਪਣੇ ਰਾਜ ਵਿੱਚ ਉਦਯੋਗ ਅਤੇ ਵਪਾਰ ਨੂੰ ਉੱਨਤ ਕੀਤਾ। ਉਹ ਅੰਗਰੇਜ਼ਾਂ ਨਾਲ ਮੈਸੂਰ ਦੇ ਚੌਥੇ ਯੁੱਧ ਵਿੱਚ ਲੜਦੇ ਹੋਏ ਮਾਰਿਆ ਗਿਆ ।

**12.ਸ਼ਿਵਾਜੀ ਨੇ ਮਰਾਠਾ ਸਾਮਰਾਜ ਦੀ ਸਥਾਪਨਾ ਕਰਨ ਵਿੱਚ ਕੀ ਰੋਲ ਅਦਾ ਕੀਤਾ?**

ਉੱਤਰ- ਸ਼ਿਵਾਜੀ ਨੇ ਮਰਾਠਾ ਵੰਸ਼ ਦੀ ਸਥਾਪਨਾ ਕੀਤੀ। ਉਹ ਇੱਕ ਮਹਾਨ ਦੇਸ਼ ਭਗਤ ਸਨ। ਉਹ ਭਾਰਤ ਵਿੱਚੋਂ ਮੁਗਲਾਂ ਦੇ ਅੱਤਿਆਚਾਰੀ ਸ਼ਾਸਨ ਨੂੰ ਖਤਮ ਕਰਕੇ ਸੁਤੰਤਰ ਹਿੰਦੂ ਰਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਸ਼ਿਵਾਜੀ ਨੇ ਮੁਗਲਾਂ ਦੇ ਪੁਰੰਧਰ, ਕੋਂਡਾਨਾ, ਕੋਂਕਣ, ਕਲਿਆਣੀ ਅਤੇ ਸਿੰਘਗੜ੍ਹ ਕਿਲ੍ਹਿਆਂ ਅਤੇ ਪੂਨੇ 'ਤੇ ਕਬਜ਼ਾ ਕਰ ਲਿਆ ਅਤੇ ਸੁਤੰਤਰ ਮਰਾਠਾ ਰਾਜ ਦੀ ਸਥਾਪਨਾ ਕੀਤੀ। ਸ਼ਿਵਾਜੀ ਨੇ ਆਪਣੇ ਆਪ ਨੂੰ ਸੁਤੰਤਰ ਸ਼ਾਸਕ ਘੋਸ਼ਿਤ ਕੀਤਾ ਅਤੇ 'ਛੱਤਰਪਤੀ ਦੀ ਉਪਾਧੀ' ਧਾਰਨ ਕੀਤੀ । 1680 ਈ: ਵਿੱਚ ਉਨ੍ਹਾਂ ਦੀ ਮੌਤ ਹੋ ਗਈ ।

## ਨਕਸ਼ੇ ਨਾਲ ਸੰਬੰਧਿਤ ਪ੍ਰਸ਼ਨ:-

1. ਭਾਰਤ ਦੇ ਨਕਸ਼ੇ ਵਿੱਚ ਪੱਲਵ, ਪਾਂਡਯ, ਚੋਲ ਰਾਜ ਅਤੇ ਤੁਗਲਕ ਸਾਮਰਾਜ ਦੇ ਪ੍ਰਮੁੱਖ ਰਾਜ ਭਰੋ।
2. ਭਾਰਤ ਦੇ ਨਕਸ਼ੇ ਵਿੱਚ ਅਕਬਰ ਅਤੇ ਔਰੰਗਜ਼ੇਬ ਦੇ ਸਮੇਂ ਮੁਗਲ ਸਾਮਰਾਜ ਦੇ ਪ੍ਰਮੁੱਖ ਪ੍ਰਾਂਤ ਭਰੋ।

## ਭਾਗ-ੲ (ਨਾਗਰਿਕ ਸ਼ਾਸਤਰ)

**ਬਹੁ-ਵਿਕਲਪੀ ਪ੍ਰਸ਼ਨ:-**

**1. 'ਲੋਕਤੰਤਰੀ ਸਰਕਾਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਹੁੰਦੀ ਹੈ' ਲੋਕਤੰਤਰ ਦੀ ਇਹ ਪਰਿਭਾਸ਼ਾ ਕਿਸਨੇ ਦਿੱਤੀ?**

**1. ਇਬਰਾਹਿਮ ਲਿੰਕਨ** 2. ਜਾਰਜ ਵਾਸ਼ਿਗਟਨ 3. ਜਵਾਹਰ ਲਾਲ ਨਹਿਰੂ 4. ਡਾ. ਭੀਮ ਰਾਉ ਅੰਬੇਦਕਰ

**2. ਰਵਿੰਦਰ ਇਸ ਸਾਲ 18 ਸਾਲ ਦਾ ਹੋ ਜਾਵੇਗਾ। ਉਹ ਆਪਣੀ ਵੋਟ ਬਣਵਾਉਣ ਲਈ ਹੇਠ ਲਿਖਿਆਂ ਵਿੱਚੋਂ ਕਿਸ ਦੇ ਕੋਲ ਜਾਵੇਗਾ?**

1.ਸਰਪੰਚ 2. ਮੁੱਖ ਮੰਤਰੀ **3. ਬੀ.ਐਲ.ਓ.** 4. ਚੋਣ ਕਮਿਸ਼ਨ

**3. ਫਰਾਂਸ ਦੀ ਕ੍ਰਾਂਤੀ ਕਿਹੜੀ ਸਦੀ ਵਿੱਚ ਆਈ?**

1.ਸਤ੍ਹਾਰਵੀਂ ਸਦੀ **2. ਅਠ੍ਹਾਰਵੀਂ ਸਦੀ** 3. ਸੋਲ੍ਹਵੀਂ ਸਦੀ 4. ਇਹਨਾਂ ਵਿੱਚੋਂ ਕੋਈ ਨਹੀਂ

**4. ਆਧੁਨਿਕ ਯੁੱਗ ਵਿੱਚ ਕਿਸ ਸਰਕਾਰ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ?**

1. ਤਾਨਾਸ਼ਾਹੀ ਸਰਕਾਰ **2. ਲੋਕਤੰਤਰੀ ਸਰਕਾਰ** 3. ਸੈਨਿਕ ਸਰਕਾਰ 4. ਇਹ ਸਾਰੇ

**5. ਸੰਸਦੀ ਲੋਕਤੰਤਰੀ ਸਰਕਾਰਾਂ ਵਾਲੇ ਦੇਸ਼ਾਂ ਵਿੱਚ ਦੇਸ਼ ਦੇ ਮੁਖੀ ਕਿੰਨ੍ਹੀ ਤਰ੍ਹਾਂ ਦੇ ਹੁੰਦੇ ਹਨ?**

1. ਚਾਰ 2. ਪੰਜ **3. ਦੋ** 4. ਤਿੰਨ

**6. ਸਾਡੇ ਦੇਸ਼ ਵਿੱਚ ਰਾਜ ਸਰਕਾਰ ਦਾ ਨਾਂ-ਮਾਤਰ ਮੁਖੀ ਕੌਣ ਹੈ?**

**1. ਰਾਜਪਾਲ** 2. ਮੁੱਖ ਮੰਤਰੀ 3. ਮੇਅਰ 4. ਇਨ੍ਹਾਂ ਵਿੱਚੋਂ ਕੋਈ ਨਹੀਂ

**7. ਭਾਰਤ ਵਿੱਚ ਕੇਂਦਰੀ ਸਰਕਾਰ ਦਾ ਅਸਲੀ ਮੁਖੀ ਕੌਣ ਹੈ?**

1. ਰਾਸ਼ਟਰਪਤੀ **2. ਪ੍ਰਧਾਨ ਮੰਤਰੀ** 3. ਰਾਜਪਾਲ 4. ਇਨ੍ਹਾਂ ਵਿੱਚੋਂ ਕੋਈ ਨਹੀਂ

**8. ਲੋਕਤੰਤਰ ਦਾ ਆਰੰਭ ਕਿੱਥੇ ਹੋਇਆ?**

1.ਜਪਾਨ ਵਿੱਚ 2. ਸਪੇਨ ਵਿੱਚ 3. ਇਟਲੀ ਵਿੱਚ **4. ਏਥਨਜ਼ ਵਿੱਚ**

**9. ਭਾਰਤ ਵਿੱਚ ਬਾਲਗ ਹੋਣ ਦੀ ਉਮਰ ਕਿੰਨ੍ਹੀ ਹੈ?**

**1. 18 ਸਾਲ** 2. 24 ਸਾਲ 3. 22 ਸਾਲ 4. 29 ਸਾਲ

**10. ਲੋਕ ਸਭਾ ਦੇ ਮੈਬਰਾਂ ਦੀ ਚੋਣ ਕਿੰਨ੍ਹੇ ਸਾਲ ਲਈ ਕੀਤੀ ਜਾਂਦੀ ਹੈ?**

1. ਚਾਰ ਸਾਲ 2. ਦੋ ਸਾਲ **3. ਪੰਜ ਸਾਲ** 4. ਛੇ ਸਾਲ

**11. ਬਹੁਜਨ ਸਮਾਜ ਪਾਰਟੀ ਦਾ ਚੋਣ ਨਿਸ਼ਾਨ ਕਿਹੜਾ ਹੈ?**

1. ਤੱਕੜੀ **2. ਹਾਥੀ** 3. ਕਮਲ ਦਾ ਫੁੱਲ 4. ਇਹਨਾਂ ਵਿੱਚੋਂ ਕੋਈ ਨਹੀਂ

**12. ਭਾਰਤ ਵਿੱਚ ਚੋਣਾਂ ਕਰਾਉਣ ਦੀ ਜ਼ਿੰਮੇਵਾਰੀ ਕਿਸਦੀ ਹੈ?**

1. ਪ੍ਰਧਾਨ ਮੰਤਰੀ 2. ਸੁਪਰੀਮ ਕੋਰਟ ਦੇ ਮੁੱਖ ਜੱਜ ਦੀ
**3. ਚੋਣ ਕਮਿਸ਼ਨ ਦੀ** 4. ਉਪਰੋਕਤ ਕੋਈ ਵੀ ਨਹੀਂ

**13. ਕਿਸ ਦਲ ਦਾ ਉਦੇਸ਼ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣਾ ਸੀ ?**

1. ਇੰਡੀਅਨ ਨੈਸ਼ਨਲ ਕਾਂਗਰਸ **2. ਸ਼੍ਰੋਮਣੀ ਅਕਾਲੀ ਦਲ**
3. ਬਹੁਜਨ ਸਮਾਜ ਪਾਰਟੀ 4. ਭਾਰਤੀ ਜਨਤਾ ਪਾਰਟੀ

**14. ਵਿਰੋਧੀ ਦਲ ਸੰਸਦ ਵਿੱਚ ਕੀ ਭੂਮਿਕਾ ਨਿਭਾਉਂਦੇ ਹਨ?**

1.ਆਲੋਚਨਾ 2. ਸਹੀ ਲੋਕਰਾਇ 3. ਮਨਮਾਨੀਆਂ ਕਰਨ ਤੋਂ ਰੋਕਣਾ **4. ਉਪਰੋਕਤ ਸਾਰੇ**

**15. ਭਾਰਤ ਵਿੱਚ ਕਿਹੜੀ ਦਲ ਪ੍ਰਣਾਲੀ ਹੈ?**

1.ਇੱਕ-ਦਲੀ 2. ਦੋ-ਦਲੀ **3. ਬਹੁ-ਦਲੀ** 4. ਇਹਨਾਂ ਵਿੱਚੋਂ ਕੋਈ ਨਹੀਂ

**16. ਭਾਰਤ ਵਿੱਚ ਕਿੰਨ੍ਹੇ ਰਾਜ ਹਨ?**

1. 29 ਰਾਜ **2. 28 ਰਾਜ** 3. 21 ਰਾਜ 4. 27 ਰਾਜ

**17. ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ਦੱਸੋ?**

**1. 117** 2. 60 3. 105 4. ਇਹਨਾਂ ਵਿੱਚੋਂ ਕੋਈ ਨਹੀਂ

**18. ਮੁੱਖ ਮੰਤਰੀ ਦੀ ਨਿਯੁਕਤੀ ਕਿਸ ਦੁਆਰਾ ਕੀਤੀ ਜਾਂਦੀ ਹੈ?**

1. ਰਾਸ਼ਟਰਪਤੀ ਦੁਆਰਾ **2. ਰਾਜਪਾਲ ਦੁਆਰਾ** 3. ਸਪੀਕਰ ਦੁਆਰਾ 4. ਇਹਨਾਂ ਵਿੱਚੋਂ ਕੋਈ ਨਹੀਂ

**19. ਜਨਤਕ-ਸੰਚਾਰ ਦੇ ਬਿਜਲਈ ਸਾਧਨ ਦਾ ਨਾਂ ਲਿਖੋ।**

1. ਅਖ਼ਬਾਰ 2. ਮੈਗਜ਼ੀਨ **3. ਟੈਲੀਵਿਜ਼ਨ** 4. ਉਪਰੋਕਤ ਸਾਰੇ

**20. ਵਿਗਿਆਪਨ ਦੀਆਂ ਮੁੱਖ ਕਿਸਮਾਂ ਕਿੰਨ੍ਹੀਆਂ ਹਨ?**

**1. ਦੋ** **2. ਚਾਰ** 3. ਛੇ 4. ਪੰਜ

**21. ਕਿਸ ਦੇਸ਼ ਵਿੱਚ ਪ੍ਰੈਸ ਜਾਂ ਛਪਾਈ ਦੇ ਸਾਧਨਾਂ ਨੂੰ ਲੋਕਤੰਤਰ ਦਾ ਚਾਨਣ ਮੁਨਾਰਾ ਕਿਹਾ ਜਾਂਦਾ ਹੈ?**

1. ਅਫ਼ਗਾਨਿਸਤਾਨ 2. ਚੀਨ **3. ਭਾਰਤ** 4. ਇਹਨਾਂ ਵਿਚੋਂ ਕੋਈ ਨਹੀਂ

**22. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਛਪਾਈ ਮੀਡੀਆ ਨਹੀਂ ਹੈ?**

1. ਅਖਬਾਰ **2. ਰੇਡੀਓ** 3. ਮੈਗਜ਼ੀਨ 4. ਰੋਜ਼ਨਾਮਚਾ

**22. ਇਸ ਨੂੰ ਲੋਕਤੰਤਰ ਦਾ ਚਾਨਣ ਮੁਨਾਰਾ ਵੀ ਕਿਹਾ ਜਾਂਦਾ ਹੈ। ਇਸ ਦਾ ਕੀ ਨਾਂ ਹੈ?**

**1.ਪ੍ਰੈਸ** 2. ਕੰਪਿਊਟਰ 3. ਟੈਲੀਵਿਜ਼ਨ 4. ਟੈਲੀਫ਼ੋਨ

**23. ਕਿਸੇ ਵੀ ਚੀਜ਼ ਨੂੰ ਵੱਧ ਤੋਂ ਵੱਧ ਵੇਚਣ ਲਈ ਉਤਪਾਦਕ ਜਾਂ ਵਪਾਰੀ ਕਿਸ ਦਾ ਸਹਾਰਾ ਲੈਂਦੇ ਹਨ?**

1. ਸਰਕਾਰੀ ਪ੍ਰੋਗਰਾਮਾਂ ਦਾ **2. ਵਿਗਿਆਪਨ ਦਾ** 3. ਧਰਨਿਆਂ ਦਾ 4. ਰਾਜਨੀਤਿਕ ਦਲਾਂ ਦਾ

**24. ਭਰੂਣ ਹੱਤਿਆ ਅਤੇ ਦਾਜ ਦੀ ਸਮੱਸਿਆ ਸੰਬੰਧੀ ਵਿਗਿਆਪਨ ਕਿਸ ਕਿਸਮ ਦਾ ਵਿਗਿਆਪਨ ਹੈ?**

**1.ਸਮਾਜਿਕ** 2. ਖਪਤਕਾਰ 3.ਵਪਾਰਿਕ 4.ਇਹਨਾਂ ਵਿੱਚੋਂ ਕੋਈ ਨਹੀਂ

## ਇੱਕ ਅੰਕ ਵਾਲੇ ਪ੍ਰਸ਼ਨ (ਖਾਲੀ ਸਥਾਨ ਭਰੋ):-

1. ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਦਾ ਨਾਂ-ਮਾਤਰ ਮੁਖੀ **ਰਾਸ਼ਟਰਪਤੀ** ਹੈ ਅਤੇ ਰਾਜ ਸਰਕਾਰ ਦੇ ਨਾਂ-ਮਾਤਰ ਮੁਖੀ **ਰਾਜਪਾਲ** ਹੁੰਦੇ ਹਨ।
2. ਲੋਕਤੰਤਰ ਦਾ ਆਰੰਭ **ਯੂਨਾਨ** ਦੇ ਸ਼ਹਿਰ **ਏਥਨਜ਼** ਵਿੱਚ ਹੋਇਆ।
3. ਲੋਕਤੰਤਰ ਦੇ ਮੁੱਢਲੇ ਆਦਰਸ਼ **ਸਮਾਨਤਾ** ਅਤੇ **ਸੁਤੰਤਰਤਾ** ਹਨ।
4. ਭਾਰਤ ਵਿੱਚ ਚੋਣ ਪ੍ਰਕਿਰਿਆ ਲਈ ਇੱਕ ਸੁਤੰਤਰ ਸੰਸਥਾ **ਚੋਣ ਕਮਿਸ਼ਨ** ਬਣਾਈ ਗਈ ਹੈ।
5. ਭਾਰਤ ਵਿੱਚ ਘੱਟੋ-ਘੱਟ **18 ਸਾਲ** ਦੀ ਉਮਰ ਵਾਲੇ ਨਾਗਰਿਕ ਨੂੰ ਵੋਟ ਦਾ ਅਧਿਕਾਰ ਹੁੰਦਾ ਹੈ।
6. **ਇੰਗਲੈਂਡ** ਅਤੇ **ਅਮਰੀਕਾ** ਵਿੱਚ ਦੋ-ਦਲ ਅਤੇ **ਭਾਰਤ** ਵਿੱਚ ਬਹੁ-ਦਲ ਪ੍ਰਣਾਲੀ ਹੈ।
7. ਇੱਕ ਨਾਗਰਿਕ ਇੱਕ ਵੋਟ ਨਾਗਰਿਕਾਂ ਦੀ **ਸਮਾਨਤਾ** 'ਤੇ ਅਧਾਰਿਤ ਹੈ।
8. ਵਿਧਾਨ ਸਭਾ ਮੈਂਬਰਾਂ ਦੀ ਵੱਧ ਤੋਂ ਵੱਧ ਗਿਣਤੀ **500** ਹੁੰਦੀ ਹੈ।
9. ਪੰਜਾਬ ਵਿਧਾਨਪਾਲਿਕਾ **ਇੱਕ ਸਦਨੀ** ਹੈ।
10. ਧਨ ਬਿੱਲ ਰਾਜ ਦੀ ਵਿਧਾਨਪਾਲਿਕਾ ਦੇ **ਹੇਠਲੇ** ਸਦਨ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ।
11. ਰਾਜ ਵਿੱਚ ਕਿਸੇ ਵੀ ਬਿੱਲ ਦੇ ਕਾਨੂੰਨ ਬਨਣ ਲਈ ਅੰਤਿਮ ਪ੍ਰਵਾਨਗੀ **ਰਾਜਪਾਲ** ਦੁਆਰਾ ਦਿੱਤੀ ਜਾਂਦੀ ਹੈ।
12. ਰਾਜ ਵਿਧਾਨਪਾਲਿਕਾ ਦੇ **ਹੇਠਲੇ** ਸਦਨ ਦੀ ਸਭਾ ਦੀ ਪ੍ਰਧਾਨਗੀ ਸਪੀਕਰ ਕਰਦਾ ਹੈ।
13. **ਰਾਜਪਾਲ** ਰਾਜ ਦਾ ਸੰਵਿਧਾਨਿਕ ਮੁਖੀ ਹੈ।
14. ਮੰਤਰੀ ਪ੍ਰੀਸ਼ਦ ਦਾ ਕਾਰਜਕਾਲ **ਪੰਜ** ਸਾਲ ਦਾ ਹੁੰਦਾ ਹੈ।
15. **ਜਨਤਕ ਸੰਚਾਰ** ਆਧੁਨਿਕ ਪ੍ਰਣਾਲੀ ਦੇ ਨੁਕਸ ਦੱਸਣ ਲਈ ਇੱਕ ਸ਼ਕਤੀਸ਼ਾਲੀ ਅਤੇ ਸਿੱਧਾ ਸਾਧਨ ਹੈ।
16. **ਵਿਗਿਆਪਨ** ਆਪਣੇ ਉਦੇਸ਼ ਦੇ ਆਧਾਰ 'ਤੇ ਵੱਖਰੇ-ਵੱਖਰੇ ਹਨ।

## ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ ਜਾਂ ਗਲਤ ਲਿਖੋ:-

1. ਭਾਰਤ ਇੱਕ ਲੋਕਤੰਤਰੀ ਗਣਰਾਜ ਹੈ। **(ਸਹੀ)**
2. ਸਵਿਟਜ਼ਰਲੈਂਡ ਹੀ ਅਜਿਹਾ ਦੇਸ਼ ਹੈ ਜਿੱਥੇ ਅਜੇ ਵੀ ਸਿੱਧਾ ਲੋਕਤੰਤਰ ਹੈ। **(ਸਹੀ)**
3. ਸਾਡੇ ਦੇਸ਼ ਵਿੱਚ ਵੋਟ ਪਾਉਣ ਦਾ ਅਧਿਕਾਰ ਕੁੱਝ ਬਾਲਗਾਂ ਨੂੰ ਹੀ ਪ੍ਰਾਪਤ ਹੈ। **(ਗਲਤ)**
4. ਲੋਕਤੰਤਰੀ ਦੇਸ਼ ਵਿੱਚ ਕਾਨੂੰਨ ਦਾ ਰਾਜ ਹੁੰਦਾ ਹੈ। **(ਸਹੀ)**
5. ਆਧੁਨਿਕ ਲੋਕਤੰਤਰ ਦੀ ਸਥਾਪਨਾ ਪਹਿਲਾਂ ਫਰਾਂਸ ਦੇਸ਼ ਵਿੱਚ ਹੋਈ ਸੀ। **(ਗਲਤ)**
6. ਭਾਰਤ ਰਾਜ ਵਿੱਚ ਇਸ ਸਮੇਂ ਬਾਲਗ ਨਾਗਰਿਕ ਦੀ ਉਮਰ 18 ਸਾਲ ਹੈ। **(ਸਹੀ)**
7. ਭਾਰਤ ਵਿੱਚ ਦੋ-ਦਲੀ ਰਾਜਨੀਤਿਕ ਦਲ ਪ੍ਰਣਾਲੀ ਹੈ। **(ਗਲਤ)**
8. ਵਿਰੋਧੀ ਦਲ ਸੰਸਦ ਵਿੱਚ ਸਰਕਾਰ ਦੀ ਆਲੋਚਨਾ ਹੀ ਨਹੀਂ ਕਰਦਾ, ਸਗੋਂ ਸਹੀ ਲੋਕਰਾਇ ਵੀ ਬਣਾਉਂਦਾ ਹੈ। **(ਸਹੀ)**

9. ਭਾਰਤ ਵਿੱਚ ਇੱਕ ਕੇਂਦਰੀ ਸਰਕਾਰ, 28 ਰਾਜ ਸਰਕਾਰਾਂ ਅਤੇ 7 ਸੰਘੀ ਖੇਤਰ ਹਨ। **(ਗਲਤ)**

10. ਰਾਜ ਵਿਧਾਨਪਾਲਿਕਾ ਦੇ ਹੇਠਲੇ ਸਦਨ ਨੂੰ ਵਿਧਾਨ ਪ੍ਰੀਸ਼ਦ ਕਿਹਾ ਜਾਂਦਾ ਹੈ। **(ਗਲਤ)**

11. ਪੰਜਾਬ ਵਿਧਾਨਪਾਲਿਕਾ ਦੋ-ਸਦਨੀ ਹੈ। **(ਗਲਤ)**

12. ਰਾਜ ਦੀ ਮੁੱਖ ਕਾਰਜਕਾਰੀ ਸ਼ਕਤੀ ਰਾਜਪਾਲ ਕੋਲ ਹੁੰਦੀ ਹੈ।**(ਸਹੀ)**

13. ਜਾਇਦਾਦ ਦਾ ਅਧਿਕਾਰ ਮੌਲਿਕ ਅਧਿਕਾਰ ਹੈ। **(ਗਲਤ)**

## ਇੱਕ ਅੰਕ ਵਾਲੇ ਪ੍ਰਸ਼ਨ:-

**1. ਲੋਕਤੰਤਰ ਸਰਕਾਰ ਤੋਂ ਕੀ ਭਾਵ ਹੈ**?

ਉੱਤਰ- ਲੋਕਤੰਤਰ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੁੰਦੀ ਹੈ। ਇਹ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਰਕਾਰ ਹੁੰਦੀ ਹੈ ।

**2. 'ਕਾਨੂੰਨ ਦੇ ਰਾਜ' ਤੋਂ ਤੁਸੀਂ ਕੀ ਸਮਝਦੇ ਹੋਂ**?

ਉੱਤਰ- 'ਕਾਨੂੰਨ ਦੇ ਰਾਜ' ਤੋਂ ਭਾਵ ਹੈ ਕਿ ਦੇਸ਼ ਦਾ ਸ਼ਾਸਨ ਨਿਸ਼ਚਿਤ ਨਿਯਮਾਂ ਦੇ ਅਨੁਸਾਰ ਚਲਾਇਆ ਜਾਂਦਾ ਹੈ ਅਤੇ ਕਾਨੂੰਨ ਦੇ ਅਨੁਸਾਰ ਸਾਰੇ ਬਰਾਬਰ ਹਨ।

**3.ਕਿਹੜੇ ਦੇਸ਼ ਵਿੱਚ ਅਜੇ ਵੀ ਪ੍ਰਤੱਖ ਲੋਕਤੰਤਰ ਹੈ** ?

ਉੱਤਰ- ਸਵਿਟਜ਼ਰਲੈਂਡ ਵਿੱਚ ਅੱਜ ਵੀ ਪ੍ਰਤੱਖ ਲੋਕਤੰਤਰ ਹੈ ।

**4. ਪ੍ਰਤੀਨਿਧੀ ਸਰਕਾਰ ਕਿਹੜੀ ਸਰਕਾਰ ਨੂੰ ਕਿਹਾ ਜਾਂਦਾ ਹੈ**?

ਉੱਤਰ- ਲੋਕਤੰਤਰ ਵਿੱਚ, ਨਾਗਰਿਕ ਸਰਕਾਰ ਚਲਾਉਣ ਲਈ ਆਪਣੇ ਪ੍ਰਤੀਨਿਧੀ ਚੁਣਦੇ ਹਨ। ਇਸ ਸਰਕਾਰ ਨੂੰ ਹੀ ਪ੍ਰਤੀਨਿਧੀ ਸਰਕਾਰ ਕਿਹਾ ਜਾਂਦਾ ਹੈ।

**5. ਭਾਰਤ ਵਿੱਚ ਵੋਟ ਪਾਉਣ ਦਾ ਅਧਿਕਾਰ ਕਿਸਨੂੰ ਹੁੰਦਾ ਹੈ**?

ਉੱਤਰ- ਭਾਰਤ ਵਿੱਚ 18 ਸਾਲ ਜਾਂ ਇਸ ਤੋਂ ਵਧੇਰੇ ਉਮਰ ਦੇ ਹਰੇਕ ਔਰਤ-ਮਰਦ ਨੂੰ ਵੋਟ ਪਾਉਣ ਦਾ ਅਧਿਕਾਰ ਹੈ। ਇਸਨੂੰ ਸਰਵ-ਵਿਆਪਕ ਮਤ ਅਧਿਕਾਰ ਕਹਿੰਦੇ ਹਨ।

**6. ਕਿਸੇ ਸਰਕਾਰੀ ਵਿਭਾਗ ਦਾ ਕਾਰਜਕਾਰੀ ਮੁਖੀ ਕੌਣ ਹੁੰਦਾ ਹੈ** ?

ਉੱਤਰ- ਕਿਸੇ ਸਰਕਾਰੀ ਵਿਭਾਗ ਦਾ ਕਾਰਜਕਾਰੀ ਮੁਖੀ ਸਕੱਤਰ ਹੁੰਦਾ ਹੈ ।

**7. ਤੁਹਾਡੇ ਰਾਜ ਦਾ ਮੁੱਖ ਮੰਤਰੀ ਅਤੇ ਰਾਜਪਾਲ ਕੌਣ ਹਨ**?

ਉੱਤਰ- ਮੁੱਖ ਮੰਤਰੀ- ਸ. ਭਗਵੰਤ ਸਿੰਘ ਮਾਨ

ਰਾਜਪਾਲ- ਸ੍ਰੀ ਗੁਲਾਬ ਚੰਦ ਕਟਾਰੀਆ

**9. ਰਾਜ ਦਾ ਕਾਰਜਕਾਰੀ ਅਧਿਕਾਰੀ ਕੌਣ ਹੁੰਦਾ ਹੈ** ?

ਉੱਤਰ- ਰਾਜਪਾਲ ।

**10. ਜਨਤਕ ਸੰਚਾਰ ਦੇ ਬਿਜਲਈ ਸਾਧਨਾਂ ਦੇ ਨਾਂ ਲਿਖੋ ।**

ਉੱਤਰ- ਟੈਲੀਵਿਜ਼ਨ, ਕੰਪਿਊਟਰ ਅਤੇ ਰੇਡੀਓ।

## ਦੋ ਅੰਕਾਂ ਵਾਲੇ ਪ੍ਰਸ਼ਨ:-

**1. ਲੋਕਤੰਤਰ ਵਿੱਚ ਲੋਕਮੱਤ ਦਾ ਕੀ ਮਹੱਤਵ ਹੈ**?

ਉੱਤਰ- ਲੋਕਮਤ ਦਾ ਭਾਵ ਲੋਕਾਂ ਦੀ ਇੱਛਾ ਤੋਂ ਹੈ। ਜੋ ਸਰਕਾਰ ਲੋਕਾਂ ਦੀ ਇੱਛਾ ਅਨੁਸਾਰ ਕੰਮ ਨਹੀਂ ਕਰਦੀ, ਲੋਕ ਵੋਟਾਂ ਰਾਹੀਂ ਉਸ ਸਰਕਾਰ ਨੂੰ ਬਦਲ ਦਿੰਦੇ ਹਨ।

**2. ਲੋਕਤੰਤਰੀ ਸਰਕਾਰ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਬਾਰੇ ਲਿਖੋ।**

ਉੱਤਰ- 1. ਸੂਝਵਾਨ ਨਾਗਰਿਕ 2. ਸੂਝਵਾਨ ਅਤੇ ਸਮਝਦਾਰ ਨੇਤਾ

**3. ਸਮਾਜਿਕ ਅਤੇ ਆਰਥਿਕ ਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋ** ?

ਉੱਤਰ- ਲੋਕਤੰਤਰ ਵਿੱਚ ਨਾਗਰਿਕਾਂ ਵਿੱਚ ਜਾਤ-ਪਾਤ, ਧਰਮ, ਭਾਸ਼ਾ ਅਤੇ ਰੰਗ ਆਦਿ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਆਰਥਿਕ ਅਤੇ ਸਮਾਜਿਕ ਤੌਰ 'ਤੇ ਬਰਾਬਰੀ ਹੋਣੀ ਚਾਹੀਦੀ ਹੈ।

**4. ਰਾਜਨੀਤਿਕ ਦਲਾਂ ਦੇ ਦੋ ਕੰਮ ਲਿਖੋ।**

ਉੱਤਰ- 1. ਚੋਣਾਂ ਲੜਨਾ ਅਤੇ ਸਰਕਾਰ ਬਣਾ ਕੇ ਸ਼ਾਸਨ ਪ੍ਰਬੰਧ ਚਲਾਉਣਾ ।

2. ਵਿਰੋਧੀ ਦਲਾਂ ਦੀਆਂ ਨੀਤੀਆਂ ਦੀ ਆਲੋਚਨਾ ਕਰਕੇ ਲੋਕ-ਰਾਇ ਬਣਾਉਣਾ ।

**5. ਲੋਕਤੰਤਰ ਵਿੱਚ ਚੋਣਾਂ ਦਾ ਕੀ ਮਹੱਤਵ ਹੈ?**

ਉੱਤਰ- 1. ਚੋਣਾਂ ਰਾਹੀਂ ਲੋਕ ਆਪਣੀ ਮਰਜ਼ੀ ਦੀ ਸਰਕਾਰ ਚੁਣਦੇ ਹਨ।

2. ਚੋਣਾਂ ਰਾਹੀਂ ਲੋਕ ਸਰਕਾਰ ਨੂੰ ਬਦਲ ਸਕਦੇ ਹਨ।

3. ਚੋਣਾਂ ਨਾਲ ਸਾਸ਼ਨ ਪ੍ਰਣਾਲੀ ਵਿੱਚ ਸਥਿਰਤਾ ਆਉਂਦੀ ਹੈ।

**6. ਚੋਣ ਪ੍ਰਕਿਰਿਆ ਦੀਆਂ ਕੋਈ ਦੋ ਸਟੇਜਾਂ ਦਾ ਵਰਣਨ ਕਰੋ।**

ਉੱਤਰ-**1. ਚੋਣਾਂ ਦੀ ਤਾਰੀਕ ਦਾ ਐਲਾਨ ਹੋਣਾ**-ਚੋਣ ਕਮਿਸ਼ਨਰ ਦੁਆਰਾ ਚੋਣਾਂ ਦਾ ਐਲਾਨ ਕੀਤਾ ਜਾਂਦਾ ਹੈ।

**2. ਉਮੀਦਵਾਰਾਂ ਦੀ ਚੋਣ**- ਵੱਖ-ਵੱਖ ਰਾਜਨੀਤਿਕ ਦਲਾਂ ਵੱਲੋਂ ਉਮੀਦਵਾਰਾਂ ਦੀ ਚੋਣ ਕੀਤੀ ਜਾਂਦੀ ਹੈ।

**7.ਐੱਮ.ਐੱਲ.ਏ.ਚੁਣੇ ਜਾਣ ਲਈ ਕਿਹੜੀਆਂ ਦੋ ਯੋਗਤਾਵਾਂ ਜ਼ਰੂਰੀ ਹਨ?**

ਉੱਤਰ- 1. ਉਹ ਭਾਰਤ ਦਾ ਨਾਗਰਿਕ ਹੋਵੇ। 2. ਉਸਦੀ ਉਮਰ 25 ਸਾਲ ਤੋਂ ਘੱਟ ਨਾ ਹੋਵੇ।

**8. "ਸੂਚਨਾ/ਜਾਣਕਾਰੀ ਪ੍ਰਾਪਤ ਕਰਨ ਸੰਬੰਧੀ ਅਧਿਕਾਰ" ਤੋਂ ਤੁਸੀਂ ਕੀ ਸਮਝਦੇ ਹੋ ?**

ਉੱਤਰ- ਸੂਚਨਾ ਦੇ ਅਧਿਕਾਰ ਰਾਹੀਂ ਸਾਨੂੰ ਉਹ ਸਾਰੀ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਪ੍ਰਾਪਤ ਹੋਇਆ ਹੈ, ਜਿਸ ਦਾ ਸਾਡੇ 'ਤੇ ਸਿੱਧਾ ਜਾਂ ਅਸਿੱਧੇ ਢੰਗ ਨਾਲ ਪ੍ਰਭਾਵ ਪੈਂਦਾ ਹੈ। ਇਸ ਅਧਿਕਾਰ ਦੀ ਵਰਤੋਂ ਕਰਕੇ ਅਸੀਂ ਸਰਕਾਰੀ ਅਧਿਕਾਰੀਆਂ ਪਾਸੋਂ ਕੋਈ ਵੀ ਸੂਚਨਾ ਪ੍ਰਾਪਤ ਕਰ ਸਕਦੇ ਹਾਂ।

9. **ਵਿਗਿਆਪਨ ਕਿੰਨ੍ਹੀ ਤਰ੍ਹਾਂ ਦੇ ਹੁੰਦੇ ਹਨ?**

ਉੱਤਰ- ਵਿਗਿਆਪਨ ਮੁੱਖ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਹਨ-

1. ਵਪਾਰਿਕ ਵਿਗਿਆਪਨ 2. ਸਮਾਜਿਕ ਵਿਗਿਆਪਨ।

## ਪੰਜ ਅੰਕਾਂ ਵਾਲੇ ਪ੍ਰਸ਼ਨ:-

**1. ਲੋਕਤੰਤਰ ਸਰਕਾਰ ਦੇ ਚਾਰ ਵੱਖ-ਵੱਖ ਰੂਪਾਂ ਦੇ ਨਾਮ ਲਿਖੋ।**

ਉੱਤਰ- **1. ਪ੍ਰਧਾਨਾਤਮਕ ਸਰਕਾਰ**- ਇਸ ਸਰਕਾਰ ਵਿੱਚ ਦੇਸ਼ ਦਾ ਰਾਸ਼ਟਰਪਤੀ ਸਿੱਧਾ ਲੋਕਾਂ ਦੁਆਰਾ ਚੁਣਿਆ ਜਾਂਦਾ ਹੈ। ਇਸ ਤਰ੍ਹਾਂ ਦੀ ਸਰਕਾਰ ਅਮਰੀਕਾ ਵਿੱਚ ਹੈ।

2. **ਸੰਸਦਾਤਮਕ ਸਰਕਾਰ**- ਇਸ ਤਰ੍ਹਾਂ ਦੀ ਸਰਕਾਰ ਵਿੱਚ ਸੰਸਦ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ।ਰਾਜ ਦੀ ਅਸਲੀ ਸ਼ਕਤੀ ਪ੍ਰਧਾਨਮੰਤਰੀ ਕੋਲ ਹੁੰਦੀ ਹੈ। ਭਾਰਤ ਵਿੱਚ ਸੰਸਦੀ ਸਰਕਾਰ ਹੈ।

3. **ਇਕਾਤਮਕ ਸਰਕਾਰ**- ਇਸ ਤਰ੍ਹਾਂ ਦੀ ਸਰਕਾਰ ਵਿੱਚ ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ ਹੁੰਦੀ ਹੈ ਪ੍ਰੰਤੂ ਕੇਂਦਰ ਵੱਧ ਸ਼ਕਤੀਸ਼ਾਲੀ ਹੁੰਦਾ ਹੈ।

**4. ਸੰਘਾਤਮਕ ਸਰਕਾਰ**- ਸੰਘਾਤਮਕ ਸਰਕਾਰ ਵਿੱਚ ਵੀ ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ ਹੁੰਦੀ ਹੈ। ਹਰੇਕ ਰਾਜ ਦੀ ਆਪਣੀ ਸਰਕਾਰ ਹੁੰਦੀ ਹੈ। ਭਾਰਤ ਵਿੱਚ ਵੀ ਸੰਘਾਤਮਕ ਸਰਕਾਰ ਹੈ।

**2. ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਹਰਮਨ ਪਿਆਰੀ ਕਿਉਂ ਹੈ ?**

ਉੱਤਰ –ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਹੇਠ ਲਿਖੇ ਕਾਰਨਾਂ ਕਰਕੇ ਹਰਮਨ ਪਿਆਰੀ ਹੈ :-

1. **ਸਮਾਨਤਾ**- ਲੋਕਤੰਤਰ ਵਿੱਚ ਸਾਰੇ ਨਾਗਰਿਕ ਸਮਾਨ ਹੁੰਦੇ ਹਨ ਅਤੇ ਕਿਸੇ ਨਾਲ ਕੋਈ ਭੇਦ-ਭਾਵ ਨਹੀਂ ਕੀਤਾ ਜਾਂਦਾ।

2. **ਸੁਤੰਤਰਤਾ**- ਲੋਕਾਂ ਨੂੰ ਕੋਈ ਵੀ ਕਿੱਤਾ ਅਪਣਾਉਣ, ਦੇਸ਼ ਦੇ ਕਿਸੇ ਵੀ ਖੇਤਰ ਵਿੱਚ ਵੱਸਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ ਹੁੰਦੀ ਹੈ।

3. **ਨਾਗਰਿਕਾਂ ਦੀ ਸਰਗਰਮ ਭੂਮਿਕਾ**- ਲੋਕਤੰਤਰ ਵਿੱਚ ਨਾਗਰਿਕ ਸਰਗਰਮ ਭੂਮਿਕਾ ਨਿਭਾਉਂਦੇ ਹਨ। ਉਹ ਵੋਟਾਂ ਪਾ ਕੇ ਸਰਕਾਰ ਦੀ ਚੋਣ ਕਰਦੇ ਹਨ।

**3. ਗੁਪਤ ਮਤਦਾਨ ਕੀ ਹੁੰਦਾ ਹੈ? ਇਸਦਾ ਕੀ ਮਹੱਤਵ ਹੈ?**

ਉੱਤਰ- ਗੁਪਤ ਮਤਦਾਨ ਲੋਕਤੰਤਰੀ ਚੋਣਾਂ ਦਾ ਮਹੱਤਵਪੂਰਨ ਅਧਾਰ ਹੈ। ਜਦੋਂ ਅਸੀਂ ਵੋਟਾਂ ਪਾਉਂਦੇ ਹਾਂ ਤਾਂ ਕਿਸੇ ਵੀ ਰਾਜਨੀਤਿਕ ਦਲ ਜਾਂ ਵਿਅਕਤੀ ਨੂੰ ਇਹ ਪਤਾ ਨਹੀਂ ਚੱਲਦਾ ਕਿ ਅਸੀਂ ਆਪਣੀ ਵੋਟ ਕਿਸ ਪ੍ਰਤੀਨਿਧ ਦੇ ਹੱਕ ਵਿੱਚ ਪਾਈ ਹੈ। ਇਸਨੂੰ ਗੁਪਤ ਮਤਦਾਨ ਕਿਹਾ ਜਾਂਦਾ ਹੈ। ਇਸ ਨਾਲ ਵਿਅਕਤੀ ਦੀ ਸੁਤੰਤਰਤਾ ਬਰਕਰਾਰ ਰਹਿੰਦੀ ਹੈ।

**4. ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਬਾਰੇ ਸੰਖੇਪ ਵਿੱਚ ਲਿਖੋ।**

ਉੱਤਰ-ਸੱਤਾਧਾਰੀ ਦਲ ਤੋਂ ਇਲਾਵਾ ਜਿਹੜੇ ਦਲ ਦੇ ਮੈਂਬਰ ਵਿਧਾਨਪਾਲਿਕਾ ਵਿੱਚ ਸਭ ਤੋਂ ਵੱਧ ਹੁੰਦੇ ਹਨ, ਉਸ ਨੂੰ ਵਿਰੋਧੀ ਦਲ ਮੰਨਿਆ ਜਾਂਦਾ ਹੈ। ਵਿਰੋਧੀ ਦਲ, ਸੱਤਾਧਾਰੀ ਦਲ ਜਿਨ੍ਹਾ ਹੀ ਮਹੱਤਵਪੂਰਨ ਹੁੰਦਾ ਹੈ। ਵਿਰੋਧੀ ਦਲ, ਸੱਤਾਧਾਰੀ ਦਲ ਨੂੰ ਉਸ ਦੀਆਂ ਕਮੀਆਂ ਅਤੇ ਊਣਤਾਈਆਂ ਬਾਰੇ ਚੇਤੰਨ ਕਰਦਾ ਹੈ। ਵਿਰੋਧੀ ਦਲ ਸੰਸਦ ਵਿੱਚ ਸਰਕਾਰ ਦੀ ਆਲੋਚਨਾ ਹੀ ਨਹੀਂ ਕਰਦਾ ਸਗੋਂ ਸਹੀ ਲੋਕ- ਰਾਏ ਵੀ ਬਣਾਉਂਦਾ ਹੈ। ਇਹ ਸਰਕਾਰ ਨੂੰ

ਮਨਮਾਨੀਆਂ ਕਰਨ ਤੋਂ ਰੋਕਦਾ ਹੈ ਅਤੇ ਸਰਕਾਰ ‘ਤੇ ਨਿਯੰਤਰਨ ਰੱਖਦਾ ਹੈ। ਵਿਰੋਧੀ ਦਲ ਨਾਗਰਿਕਾਂ ਦੇ ਅਧਿਕਾਰਾਂ ਨੂੰ ਸਰਕਾਰ ਵੱਲੋਂ ਨੁਕਸਾਨ ਨਹੀਂ ਪਹੁੰਚਾਉਣ ਦਿੰਦਾ।

**5. ਰਾਜਪਾਲ ਦੇ ਕੰਮਾਂ ਬਾਰੇ ਦੱਸੋ ।**

ਉੱਤਰ- ਕੇਂਦਰ ਵਿੱਚ ਰਾਸ਼ਟਰਪਤੀ ਦੀ ਤਰ੍ਹਾਂ ਰਾਜਪਾਲ ਰਾਜ ਦਾ ਨਾਂ-ਮਾਤਰ ਮੁਖੀਆ ਹੈ। ਰਾਜਪਾਲ ਦੀਆਂ ਸਕਤੀਆਂ ਵੀ ਰਾਸ਼ਟਰਪਤੀ ਵਾਂਗ ਹੁੰਦੀਆਂ ਹਨ। ਰਾਜਪਾਲ ਦੇ ਕੰਮ ਹੇਠ ਲਿਖੇ ਅਨੁਸਾਰ ਹਨ-

1. ਉਹ ਰਾਜ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ । ਰਾਜ ਦਾ ਰਾਜ-ਪ੍ਰਬੰਧ ਉਸਦੇ ਨਾਂ ‘ਤੇ ਚਲਾਇਆ ਜਾਂਦਾ ਹੈ।
2. ਉਹ, ਰਾਜ ਦੇ ਮੁੱਖ ਮੰਤਰੀ ਅਤੇ ਦੂਸਰੇ ਸਾਰੇ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ।
3. ਉਹ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਘੱਟ ਜਾਂ ਮੁਆਫ਼ ਕਰ ਸਕਦਾ ਹੈ।
4. ਉਹ ਰਾਜ ਦੇ ਹਾਈਕੋਰਟ ਦੇ ਜੱਜਾਂ ਦੀ ਨਿਯੁਕਤੀ ਸਮੇਂ ਰਾਸ਼ਟਰਪਤੀ ਨੂੰ ਸਲਾਹ ਦਿੰਦਾ ਹੈ।
5. ਉਹ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਕਾਨੂੰਨਾਂ ਨੂੰ ਮਨਜ਼ੂਰੀ ਦਿੰਦਾ ਹੈ।
6. ਸੰਕਟਕਾਲ ਸਮੇਂ ਰਾਜਪਾਲ ਰਾਜ ਦਾ ਅਸਲ ਮੁਖੀ ਬਣ ਜਾਂਦਾ ਹੈ।

**6. ਰਾਜ ਦੇ ਮੁੱਖ ਮੰਤਰੀ ਦੇ ਕੰਮਾਂ ਅਤੇ ਸ਼ਕਤੀਆਂ ਦਾ ਵਰਨਣ ਕਰੋ।**

ਉੱਤਰ- ਮੁੱਖ ਮੰਤਰੀ ਰਾਜ ਦਾ ਅਸਲ-ਮੁਖੀਆ ਹੁੰਦਾ ਹੈ । ਉਸਦੇ ਕੰਮਾਂ ਅਤੇ ਸ਼ਕਤੀਆਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ -

1. ਮੁੱਖ ਮੰਤਰੀ, ਮੰਤਰੀ ਪ੍ਰੀਸ਼ਦ ਬਣਾਉਣ ਵਿੱਚ ਰਾਜਪਾਲ ਦੀ ਮਦਦ ਕਰਦਾ ਹੈ ਅਤੇ ਇਸ ਦੇ ਮੰਤਰੀਆਂ ਦੀ ਗਿਣਤੀ ਨਿਸ਼ਚਿਤ ਕਰਦਾ ਹੈ।
2. ਮੁੱਖ ਮੰਤਰੀ ਵੱਖ-ਵੱਖ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ ਅਤੇ ਤਬਦੀਲੀ ਵੀ ਕਰ ਸਕਦਾ ਹੈ।
3. ਮੁੱਖ ਮੰਤਰੀ, ਕੈਬਨਿਟ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਦਾ ਹੈ ਅਤੇ ਸਰਕਾਰ ਦਾ ਮੁੱਖ ਬੁਲਾਰਾ ਹੁੰਦਾ ਹੈ।
4. ਮੰਤਰੀ ਪ੍ਰੀਸ਼ਦ ਦਾ ਮੁਖੀ ਹੋਣ ਦੇ ਨਾਤੇ ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ।
5. ਰਾਜਪਾਲ ਆਪਣੀਆਂ ਸ਼ਕਤੀਆਂ ਦੀ ਵਰਤੋਂ ਮੁੱਖ-ਮੰਤਰੀ ਦੀ ਸਲਾਹ ਨਾਲ ਕਰਦਾ ਹੈ।

**7. ਰਾਜ ਦੇ ਪ੍ਰਬੰਧਕੀ ਕੰਮ ਕਿਹੜੇ-ਕਿਹੜੇ ਸਿਵਲ ਅਧਿਕਾਰੀ ਚਲਾਉਂਦੇ ਹਨ** ?

ਉੱਤਰ- ਸਿੱਖਿਆ, ਆਵਾਜਾਈ, ਸਿਹਤ ਅਤੇ ਸਫ਼ਾਈ ਆਦਿ ਰਾਜ ਦੇ ਮਹੱਤਵਪੂਰਨ ਵਿਭਾਗ ਹੁੰਦੇ ਹਨ । ਹਰੇਕ ਵਿਭਾਗ ਦਾ ਇੱਕ ਮੰਤਰੀ ਹੁੰਦਾ ਹੈ। ਮੰਤਰੀਆਂ ਦੀ ਸਹਾਇਤਾ ਲਈ ਸਰਕਾਰੀ ਅਧਿਕਾਰੀ ਹੁੰਦੇ ਹਨ। ਹਰੇਕ ਵਿਭਾਗ ਦਾ ਸਕੱਤਰ ਆਪਣੇ-ਆਪਣੇ ਵਿਭਾਗ ਦਾ ਮੁਖੀ ਹੁੰਦਾ ਹੈ। ਸਕੱਤਰ ਦੇ ਦਫ਼ਤਰ ਨੂੰ ਸਕੱਤਰੇਤ ਕਿਹਾ ਜਾਂਦਾ ਹੈ। ਹਰੇਕ ਵਿਭਾਗ ਵਿੱਚ ਸਕੱਤਰ ਤੋਂ ਹੇਠਾਂ ਉਪ-ਸਕੱਤਰ, ਅਧੀਨ ਸਕੱਤਰ, ਡਾਇਰੈਕਟਰ ਅਤੇ ਉਪ-ਡਾਇਰੈਕਟਰ ਹੁੰਦੇ ਹਨ ਜੋ ਕਿ ਵਿਭਾਗੀ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਕੱਤਰ ਦੀ ਮਦਦ ਕਰਦੇ ਹਨ।

**8. ਸੜਕ ਹਾਦਸਿਆਂ ਦੇ ਕੋਈ ਪੰਜ ਮੁੱਖ ਕਾਰਨ ਦੱਸੋ।**

ਉੱਤਰ- ਸੜਕ ਹਾਦਸਿਆਂ ਦੇ ਮੁੱਖ ਕਾਰਨ ਹੇਠ ਲਿਖੇ ਹਨ -

**1. ਤੇਜ਼ ਰਫ਼ਤਾਰ -** ਤੇਜ਼ ਰਫ਼ਤਾਰ ਸੜਕ ਹਾਦਸਿਆਂ ਦਾ ਮੁੱਖ ਕਾਰਨ ਹੈ । ਧਿਆਨ ਹੱਟਣ ਨਾਲ ਤੇਜ਼ ਰਫ਼ਤਾਰ ਵਾਲਾ ਵਾਹਨ ਜਲਦੀ ਹੀ ਦੁਰਘਟਨਾ ਦਾ ਸ਼ਿਕਾਰ ਹੋ ਸਕਦਾ ਹੈ ।

**2. (ਇਸ਼ਾਰੇ) ਸਿਗਨਲ ਨੂੰ ਨਾ ਮੰਨਣਾ**- ਕਈ ਵਾਰ ਵਾਹਨ ਚਾਲਕ ਟ੍ਰੈਫ਼ਿਕ ਲਾਈਟ ਲਾਲ ਹੋਣ ਤੋਂ ਪਹਿਲਾਂ ਹੀ ਸੜਕ ਨੂੰ ਪਾਰ ਕਰਨ ਲਈ ਵਾਹਨ ਨੂੰ ਬਹੁਤ ਜ਼ਿਆਦਾ ਤੇਜ਼ੀ ਨਾਲ ਚਲਾਉਂਦੇ ਹਨ। ਇਸ ਨਾਲ ਦੁਰਘਟਨਾ ਹੋਣ ਦਾ ਡਰ ਬਣਿਆ ਰਹਿੰਦਾ ਹੈ।

**3. ਬੇਧਿਆਨੀ ਦਾ ਸ਼ਿਕਾਰ ਹੋਣਾ-** ਕਈ ਵਾਰੀ ਵਾਹਨਾਂ ਦੇ ਚਾਲਕ ਦੂਜੇ ਵਾਹਨਾਂ ਵਿੱਚ ਲੱਗੇ ਬਹੁਤ ਉੱਚੀ ਸੰਗੀਤ, ਮੋਬਾਈਲ ਦੀ ਵਰਤੋਂ ਜਾਂ ਬਾਹਰੋਂ ਦਿੱਸਣ ਵਾਲੀ ਕਿਸੇ ਚੀਜ਼ ਨਾਲ ਇਕਾਗਰਤਾ ਭੰਗ ਹੋਣ ਕਾਰਨ ਵਾਹਨ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ।

**4. ਵਾਹਨਾਂ ਨੂੰ ਵਧੇਰੇ ਸਮਾਨ ਜਾਂ ਸਵਾਰੀਆਂ ਨਾਲ ਲੱਦਣਾ**- ਵਾਹਨ ਚਾਲਕ ਕਈ ਵਾਰੀ ਆਪਣੇ ਵਾਹਨ ਨੂੰ ਵਧੇਰੇ ਸਮਾਨ ਜਾਂ ਸਵਾਰੀਆਂ ਨਾਲ ਲੱਦ ਲੈਂਦੇ ਹਨ, ਜਿਸ ਕਾਰਨ ਹਾਦਸਾ ਹੋ ਜਾਂਦਾ ਹੈ ।

**5. ਛੋਟੀ ਉਮਰ ਦੇ ਬੱਚਿਆਂ ਦਾ ਵਾਹਨ ਚਲਾਉਣਾ-** 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਕਈ ਵਾਰੀ ਬਿਨ੍ਹਾਂ ਡਰਾਈਵਿੰਗ ਲਾਇਸੈਂਸ ਦੇ ਵਾਹਨ ਚਲਾਉਣ ਲੱਗ ਪੈਂਦੇ ਹਨ, ਜਿਸ ਕਾਰਨ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ ।

**9. ਵਪਾਰਕ ਇਸ਼ਤਿਹਾਰਬਾਜ਼ੀ ਵਿੱਚ ਕੀ ਕੁੱਝ ਹੁੰਦਾ ਹੈ** ?

ਉੱਤਰ-ਵਪਾਰ ਨਾਲ ਸਬੰਧਿਤ ਵਿਗਿਆਪਨਾਂ ਨੂੰ ਵਪਾਰਕ ਵਿਗਿਆਪਨ ਕਿਹਾ ਜਾਂਦਾ ਹੈ। ਵਸਤੂਆਂ ਦਾ ਨਿਰਮਾਣ ਕਰਨ ਵਾਲੇ (ਉਤਪਾਦਕ) ਨੂੰ ਖਰੀਦਦਾਰਾਂ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਉਹ ਵਿਗਿਆਪਨ ਰਾਹੀਂ ਵਸਤੂਆਂ ਦੇ ਬਾਰੇ ਵਿੱਚ ਖਪਤਕਾਰਾਂ (ਵਸਤੂਆਂ ਦੀ ਵਰਤੋਂ ਕਰਨ ਵਾਲੇ ) ਨੂੰ ਵਿਗਿਆਪਨ ਰਾਹੀਂ ਦੱਸਦਾ ਹੈ। ਇਹਨਾਂ ਵਸਤੂਆਂ ਵਿੱਚ ਮੁੱਖ ਤੌਰ ਤੇ ਖਾਣ ਵਾਲੀਆਂ ਚੀਜ਼ਾਂ, ਰਾਸ਼ਨ-ਪਾਣੀ, ਕੱਪੜੇ, ਬਿਜਲਈ ਚੀਜ਼ਾਂ ਜਿਵੇਂ ਟੀ.ਵੀ., ਫਰਿੱਜ਼ ਆਦਿ ਸ਼ਾਮਿਲ ਹੁੰਦੇ ਹਨ।

**10. ਇਸ਼ਤਿਹਾਰਦਾਤਾ ਆਪਣੀਆਂ ਚੀਜਾਂ ਪ੍ਰਤੀ ਲੋਕਾਂ ਦਾ ਵਤੀਰਾ ਬਦਲਣ ਲਈ ਕਿਹੜੇ-ਕਿਹੜੇ ਢੰਗ ਅਪਣਾਉਂਦੇ ਹਨ ?**

**ਉੱਤਰ- ਇਸ਼ਤਿਹਾਰਦਾਤਾ ਹੇਠ ਲਿਖੇ ਢੰਗਾਂ ਰਾਹੀਂ ਵਿਗਿਆਪਨ ਕਰਦੇ ਹਨ :-**

**1.** ਗਲੀਆਂ ਵਿੱਚ ਫੇਰੀ ਲਗਾ ਕੇ ।

2. ਅਖਬਾਰਾਂ ਅਤੇ ਮੈਗਜ਼ੀਨ ਆਦਿ ਵਿੱਚ ਇਸ਼ਤਿਹਾਰ ਦੇ ਕੇ।

3. ਟੈਲੀਵਿਜ਼ਨ ਅਤੇ ਇੰਟਰਨੈੱਟ 'ਤੇ ਵਿਗਿਆਪਨ ਦੇ ਕੇ।

**11. ਇਸ਼ਤਿਹਾਰਬਾਜ਼ੀ ਸੰਬੰਧੀ ਅਧਿਨਿਯਮਾਂ ਦੀ ਜਰੂਰਤ ਕਿਉਂ ਹੈ ?**

ਉੱਤਰ- ਵਿਗਿਆਪਨ ਦੀ ਵਰਤੋਂ ਚੰਗੇ ਅਤੇ ਬੁਰੇ ਦੋਹਾਂ ਢੰਗਾਂ ਨਾਲ ਕੀਤੀ ਜਾ ਸਕਦੀ ਹੈ। ਵਿਗਿਆਪਨ ਦਾ ਸਮਾਜ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ । ਇਸ ਲਈ ਵਿਗਿਆਪਨਾਂ ਦੀ ਗਲਤ ਵਰਤੋਂ ਨੂੰ ਰੋਕਣ ਲਈ ਨਿਯਮ ਜ਼ਰੂਰੀ ਹਨ। ਉਦਾਹਰਨ ਵਜੋਂ ਅਮਰੀਕਾ ਵਿੱਚ ਤੰਬਾਕੂ ਦੇ ਵਿਗਿਆਪਨਾਂ 'ਤੇ ਰੋਕ ਹੈ। ਇਸ ਲਈ ਵਿਗਿਆਪਨ ਸੰਬੰਧੀ ਨਿਯਮ ਜ਼ਰੂਰੀ ਹਨ ਤਾਂ ਜੋ ਬੁਰੀਆਂ ਚੀਜ਼ਾਂ ਤੋਂ ਬਚਿਆ ਜਾ ਸਕੇ ।

**12. ਉਹਨਾਂ ਨੈਤਿਕ ਨਿਯਮਾਂ ਦਾ ਵੇਰਵਾ ਦਿਉ, ਜਿਨ੍ਹਾਂ ਨੂੰ ਮੀਡੀਏ ਦੁਆਰਾ ਅਪਣਾਉਣਾ ਜ਼ਰੂਰੀ ਹੈ।**

ਉੱਤਰ- 1. ਲੋਕਾਂ ਤੱਕ ਸਹੀ 'ਤੇ ਸੱਚੀ ਗੱਲ ਪਹੁੰਚਾਉਣਾ।

2. ਲੋਕ ਭਲਾਈ ਲਈ ਕੰਮ ਕਰਨਾ।

3. ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ।

4. ਸਮਾਜਿਕ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ ਨਿਭਾਉਣਾ।

## ਸਰੋਤ ਅਧਾਰਿਤ ਪ੍ਰਸ਼ਨ:-

**1.** ਭਾਰਤ ਇੱਕ ਵਿਸ਼ਾਲ ਦੇਸ਼ ਹੈ, ਜਿੱਥੇ ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਤਰ੍ਹਾਂ ਦਾ ਸੱਭਿਆਚਾਰ ਵਿਕਸਿਤ ਹੋਇਆ ਹੈ। ਖੇਤਰੀ ਸੱਭਿਆਚਾਰ ਦਾ ਵਿਕਾਸ ਭੂਗੋਲਿਕ ਸਥਿਤੀ, ਮੌਸਮ, ਭਾਸ਼ਾ, ਧਰਮ, ਰਿਵਾਜਾਂ ਅਤੇ ਇਤਿਹਾਸਕ ਘਟਨਾਵਾਂ ਨਾਲ ਗਹਿਰਾ ਸੰਬੰਧ ਰੱਖਦਾ ਹੈ। ਹਰ ਖੇਤਰ ਦੀ ਆਪਣੀ ਭਾਸ਼ਾ, ਪਹਿਰਾਵਾ, ਖਾਣ-ਪੀਣ ਦੀਆਂ ਆਦਤਾਂ, ਲੋਕ ਨਾਚ, ਲੋਕ ਸੰਗੀਤ ਅਤੇ ਤਿਉਹਾਰ ਹੁੰਦੇ ਹਨ। ਸਮੇਂ ਦੇ ਨਾਲ-ਨਾਲ ਵਪਾਰ, ਆਵਾਜਾਈ ਅਤੇ ਸੰਪਰਕ ਦੇ ਸਾਧਨਾਂ ਨੇ ਖੇਤਰੀ ਸੱਭਿਆਚਾਰ ਨੂੰ ਨਵਾਂ ਰੂਪ ਦਿੱਤਾ ਹੈ। ਇਸ ਤਰ੍ਹਾਂ ਖੇਤਰੀ ਸੱਭਿਆਚਾਰ ਭਾਰਤੀ ਸੱਭਿਆਚਾਰ ਦੀ ਵਿਭਿੰਨਤਾ ਅਤੇ ਅਮੀਰੀ ਨੂੰ ਦਰਸਾਉਂਦਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਖੇਤਰੀ ਸੱਭਿਆਚਾਰ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਦੋ ਮੁੱਖ ਤੱਤ ਲਿਖੋ। (2)
2. ਖੇਤਰੀ ਸੱਭਿਆਚਾਰ ਦੇ ਕੋਈ ਦੋ ਤੱਤ (ਅੰਗ) ਦੱਸੋ।(2)
3. ਆਧੁਨਿਕ ਸਾਧਨਾਂ ਨੇ ਖੇਤਰੀ ਸੱਭਿਆਚਾਰ 'ਤੇ ਕਿਹੋ ਜਿਹਾ ਪ੍ਰਭਾਵ ਪਾਇਆ ਹੈ? (2)

2. ਭਾਰਤ ਵਿੱਚ ਸਮਾਰਕ ਨਿਰਮਾਣ ਕਲਾ ਦਾ ਇਤਿਹਾਸ ਬਹੁਤ ਪ੍ਰਾਚੀਨ ਹੈ। ਵੱਖ-ਵੱਖ ਸ਼ਾਸਕਾਂ ਅਤੇ ਰਾਜਵੰਸ਼ਾਂ ਨੇ ਆਪਣੇ ਸਮੇਂ ਦੌਰਾਨ ਮੰਦਰ, ਮਸਜਿਦਾਂ, ਗੁਰਦੁਆਰੇ, ਕਿਲ੍ਹੇ ਅਤੇ ਮਹੱਲ ਤਿਆਰ ਕਰਵਾਏ। ਇਹ ਸਮਾਰਕ ਉਸ ਸਮੇਂ ਦੀ ਕਲਾ, ਧਰਮ, ਸਮਾਜਿਕ ਜੀਵਨ ਅਤੇ ਤਕਨੀਕੀ ਗਿਆਨ ਨੂੰ ਦਰਸਾਉਂਦੇ ਹਨ। ਪੱਥਰ, ਇੱਟਾਂ ਅਤੇ ਸੰਗਮਰਮਰ ਵਰਗੀਆਂ ਵਸਤੂਆਂ ਦੀ ਵਰਤੋਂ ਕਰਕੇ ਸੁੰਦਰ ਨਿਕਾਸ਼ਕਾਰੀ ਅਤੇ ਮੂਰਤੀਕਲਾ ਕੀਤੀ ਗਈ। ਸਮੇਂ ਦੇ ਨਾਲ-ਨਾਲ ਸਮਾਰਕ ਨਿਰਮਾਣ ਕਲਾ ਵਿੱਚ ਵੱਖ-ਵੱਖ ਸ਼ੈਲੀਆਂ ਵਿਕਸਿਤ ਹੋਈਆਂ, ਜਿਵੇਂ ਕਿ ਨਾਗਰ, ਦ੍ਰਾਵਿੜ ਅਤੇ ਇੰਡੋ-ਇਸਲਾਮਿਕ ਸ਼ੈਲੀ। ਇਸ ਤਰ੍ਹਾਂ ਸਮਾਰਕ ਨਿਰਮਾਣ ਕਲਾ ਭਾਰਤੀ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਭਾਰਤ ਵਿੱਚ ਸਮਾਰਕ ਨਿਰਮਾਣ ਕਲਾ ਦੇ ਵਿਕਾਸ ਦੌਰਾਨ ਕਿਹੜੀਆਂ- ਕਿਹੜੀਆਂ ਸ਼ੈਲੀਆਂ ਦਾ ਵਿਕਾਸ ਹੋਇਆ? (2)
2. ਸਮਾਰਕ ਨਿਰਮਾਣ ਕਲਾ ਕਿਹੜੀਆਂ ਗੱਲਾਂ ਨੂੰ ਦਰਸਾਉਂਦੀ ਹੈ? (2)
3. ਸਮਾਰਕ ਬਣਾਉਣ ਲਈ ਵਰਤੀਆਂ ਜਾਣ ਵਾਲੀਆਂ ਵਸਤੂਆਂ ਵਿੱਚੋਂ ਕੋਈ ਦੋ ਦੇ ਨਾਮ ਲਿਖੋ।(2)

3. ਇਤਿਹਾਸ ਮਨੁੱਖੀ ਜੀਵਨ ਦੇ ਭੂਤਕਾਲੀ ਅਨੁਭਵਾਂ ਦਾ ਅਧਿਐਨ ਹੈ, ਜਿਸ ਰਾਹੀਂ ਅਸੀਂ ਇਹ ਜਾਣਦੇ ਹਾਂ ਕਿ ਮਨੁੱਖ ਕਦੋਂ, ਕਿੱਥੇ ਅਤੇ ਕਿਵੇਂ ਜੀਉਂਦਾ ਸੀ। ਭਾਰਤ ਅਤੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਮਨੁੱਖੀ ਸਭਿਆਚਾਰ ਦਾ ਵਿਕਾਸ ਵੱਖ-ਵੱਖ ਸਮਿਆਂ ਵਿੱਚ ਹੋਇਆ। ਪ੍ਰਾਚੀਨ ਸਮੇਂ ਵਿੱਚ ਮਨੁੱਖ ਘੁਮੱਕੜ ਜੀਵਨ ਜਿਊਂਦਾ ਸੀ, ਪਰ ਸਮੇਂ ਦੇ ਨਾਲ ਉਸ ਨੇ ਖੇਤੀਬਾੜੀ ਦੀ ਖੋਜ ਕੀਤੀ ਅਤੇ ਸਥਿਰ ਜੀਵਨ ਵੱਲ ਵਧਿਆ। ਦਰਿਆਈ ਘਾਟੀਆਂ ਜਿਵੇਂ

ਸਿੰਧ, ਗੰਗਾ, ਨੀਲ ਦਰਿਆਵਾਂ ਦੇ ਕੰਢਿਆਂ 'ਤੇ ਪ੍ਰਾਚੀਨ ਸੱਭਿਆਚਾਰ ਵਿਕਸਿਤ ਹੋਏ, ਕਿਉਂਕਿ ਇੱਥੇ ਪਾਣੀ, ਉਪਜਾਊ ਮਿੱਟੀ ਅਤੇ ਆਵਾਜਾਈ ਦੀ ਸੁਵਿਧਾ ਮਿਲਦੀ ਸੀ।

ਇਤਿਹਾਸਕਾਰ ਭੂਤਕਾਲ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਵੱਖ-ਵੱਖ ਸਰੋਤਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਵਿੱਚ ਪੁਰਾਤੱਤਵਕ ਸਰੋਤ ਜਿਵੇਂ ਹੱਡੀਆਂ, ਔਜ਼ਾਰ, ਬਰਤਨ, ਸਮਾਰਕ ਅਤੇ ਸਿੱਕੇ ਸ਼ਾਮਿਲ ਹਨ। ਇਸ ਤੋਂ ਇਲਾਵਾ ਲਿਖਤੀ ਸਰੋਤਾਂ ਵਿੱਚ ਤਾਮਰਪੱਤਰ, ਸ਼ਿਲਾਲੇਖ, ਹੱਥ ਲਿਖਤ ਪਾਂਡੂਲਿਪੀਆਂ ਅਤੇ ਧਾਰਮਿਕ ਗ੍ਰੰਥ ਆਉਂਦੇ ਹਨ। ਕੁੱਝ ਜਾਣਕਾਰੀਆਂ ਮੌਖਿਕ ਪਰੰਪਰਾਵਾਂ, ਲੋਕ ਕਹਾਣੀਆਂ ਅਤੇ ਲੋਕ ਗੀਤਾਂ ਰਾਹੀਂ ਵੀ ਮਿਲਦੀਆਂ ਹਨ। "ਕਦੋਂ, ਕਿੱਥੇ ਅਤੇ ਕਿਵੇਂ" ਦੇ ਪ੍ਰਸ਼ਨਾਂ ਰਾਹੀਂ ਇਤਿਹਾਸਕਾਰ ਘਟਨਾਵਾਂ ਦੇ ਸਮੇਂ, ਥਾਂ ਅਤੇ ਕਾਰਣਾਂ ਨੂੰ ਸਮਝਦੇ ਹਨ। ਇਸ ਤਰ੍ਹਾਂ ਭਾਰਤ ਅਤੇ ਸੰਸਾਰ ਦਾ ਇਤਿਹਾਸ ਮਨੁੱਖੀ ਸਭਿਆਚਾਰ ਦੇ ਲਗਾਤਾਰ ਵਿਕਾਸ ਦੀ ਕਹਾਣੀ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਦਰਿਆਈ ਘਾਟੀਆਂ ਮਨੁੱਖੀ ਸਭਿਆਚਾਰ ਦੇ ਵਿਕਾਸ ਲਈ ਕਿਉਂ ਉਚਿਤ ਸਾਬਤ ਹੋਈਆਂ? ਕੋਈ ਦੋ ਕਾਰਣ ਲਿਖੋ।(2)
2. ਪੈਰੇ ਵਿੱਚ ਦਰਸਾਏ ਗਏ ਪੁਰਾਤੱਤਵ ਸਰੋਤਾਂ ਵਿੱਚੋਂ ਕੋਈ ਦੋ ਦੇ ਨਾਮ ਲਿਖੋ।(2)
3. ਲਿਖਤੀ ਸਰੋਤ ਇਤਿਹਾਸ ਅਧਿਐਨ ਵਿੱਚ ਕਿਹੜੀ ਭੂਮਿਕਾ ਨਿਭਾਉਂਦੇ ਹਨ? (2)

4.ਲੋਕਤੰਤਰ ਦੀ ਸਫ਼ਲਤਾ ਲਈ ਸਮਾਜ ਵਿੱਚ ਵਿਸ਼ੇਸ਼ ਪ੍ਰਕਾਰ ਦਾ ਵਾਤਾਵਰਣ ਤੇ ਪਰਿਸਥਿਤੀਆਂ ਜਿਵੇਂ ਕਿ ਉੱਚਕੋਟੀ ਦੇ ਨੇਤਾ, ਉਨ੍ਹਾਂ ਦੀ ਉੱਚੀ ਸੋਚ ਤੇ ਸੁੱਚਾ ਵਿਵਹਾਰ ਅਤੇ ਚੇਤੰਨ ਅਤੇ ਸੁਲਝੇ ਹੋਏ ਨਾਗਰਿਕ ਹੋਣੇ ਜ਼ਰੂਰੀ ਹਨ। ਲੋਕਤੰਤਰੀ ਦੇਸ਼ ਵਿੱਚ ਲੋਕ ਆਪਣੇ ਪ੍ਰਤੀਨਿਧਾਂ ਦੀ ਚੋਣ ਕਰਦੇ ਹਨ ਅਤੇ ਸਰਕਾਰ ਬਣਾਉਂਦੇ ਹਨ। ਉਹੀ ਸਰਕਾਰ ਉੱਤੇ ਨਿਯੰਤਰਣ ਕਰਦੇ ਹਨ । ਜੇ ਸਰਕਾਰ ਕੰਮ ਠੀਕ ਨਹੀਂ ਕਰਦੀ ਜਾਂ ਨਿਰਕੁੰਸ਼ ਹੋ ਜਾਂਦੀ ਹੈ ਤਾਂ ਲੋਕ ਅਗਲੀਆਂ ਚੋਣਾਂ ਵਿੱਚ ਉਹਨਾਂ ਨੂੰ ਵੋਟਾਂ ਰਾਹੀਂ ਬਦਲ ਦਿੰਦੇ ਹਨ। ਜਿੱਥੇ ਲੋਕਤੰਤਰੀ ਸਰਕਾਰ ਹੁੰਦੀ ਹੈ ਉੱਥੇ ਮੁਖੀ ਦੋ ਤਰ੍ਹਾਂ ਦੇ ਹੁੰਦੇ ਹਨ- ਇੱਕ ਨਾਂ-ਮਾਤਰ ਮੁਖੀ ਅਤੇ ਦੂਸਰਾ ਅਸਲੀ ਜਾਂ ਵਾਸਤਵਿਕ ਮੁਖੀ। ਸਾਡੇ ਦੇਸ਼ ਭਾਰਤ ਵਿੱਚ ਕੇਂਦਰੀ ਸਰਕਾਰ ਦਾ ਨਾਂ-ਮਾਤਰ ਮੁਖੀ ਰਾਸ਼ਟਰਪਤੀ ਅਤੇ ਰਾਜ ਸਰਕਾਰਾਂ ਦੇ ਰਾਜਪਾਲ ਹੁੰਦੇ ਹਨ । ਜਦਕਿ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਵਾਸਤਵਿਕ ਮੁਖੀ ਕ੍ਰਮਵਾਰ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਹੁੰਦੇ ਹਨ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ ਕਿਹੜੀਆਂ-ਕਿਹੜੀਆਂ ਹਨ? (2)
2. ਲੋਕਤੰਤਰੀ ਦੇਸ਼ ਵਿੱਚ ਲੋਕ ਸਰਕਾਰ ਤੇ ਕਿਵੇਂ ਨਿਯੰਤਰਣ ਰੱਖਦੇ ਹਨ? (2)
3. ਕੇਂਦਰੀ ਸਰਕਾਰ ਵਿੱਚ ਅਸਲੀ ਮੁਖੀ ਅਤੇ ਨਾਂ-ਮਾਤਰ ਦਾ ਮੁਖੀ ਕੌਣ ਹੁੰਦਾ ਹੈ? (2)

5. ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਭਾਰਤ ਦੀ ਸਰਕਾਰ ਲੋਕਾਂ ਦੁਆਰਾ ਚੁਣੀ ਜਾਂਦੀ ਹੈ। ਸਰਕਾਰ ਲੋਕਾਂ ਪ੍ਰਤੀ ਉੱਤਰਦਾਈ ਹੈ। ਸੰਵਿਧਾਨ ਦੇ ਨਿਰਮਾਤਾ ਭਾਰਤ ਵਿੱਚ ਨਾ ਕੇਵਲ ਰਾਜਨੀਤਿਕ ਲੋਕਤੰਤਰ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਸਗੋਂ ਆਰਥਿਕ ਅਤੇ ਸਮਾਜਿਕ ਲੋਕਤੰਤਰ ਦੀ ਸਥਾਪਨਾ ਵੀ ਕਰਨਾ ਚਾਹੁੰਦੇ ਸਨ । ਇਸ ਕਰਕੇ ਭਾਰਤੀ ਸੰਵਿਧਾਨ ਵਿੱਚ ਆਰਥਿਕ ਅਤੇ ਸਮਾਜਿਕ ਨਿਆਂ ਦੇਣ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ ਜਿਵੇਂ ਸਮਾਨਤਾ ਦਾ ਅਧਿਕਾਰ ਵਿੱਚ ਸਾਰੇ ਵਿਅਕਤੀ ਕਾਨੂੰਨ ਦੇ ਸਾਹਮਣੇ ਸਮਾਨ ਮੰਨੇ ਜਾਂਦੇ ਹਨ। ਹਰ ਇੱਕ ਲਈ ਵਿਕਾਸ ਕਰਨ ਦੇ ਸਮਾਨ ਅਵਸਰ ਦੇਣ ਦੀ ਵਿਵਸਥਾ ਕੀਤੀ ਗਈ ਹੈ। ਭਾਰਤ ਦੇ ਸੰਵਿਧਾਨ ਵਿੱਚ ਪੱਛੜੇ ਅਤੇ ਗਰੀਬ ਵਰਗ ਦੇ ਲੋਕਾਂ ਲਈ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ ਤਾਂ ਕਿ ਉਹ ਵੀ ਸਮਾਜ ਦੇ ਦੂਜੇ ਵਰਗਾਂ ਦੇ ਸਮਾਨ ਆਪਣਾ ਜੀਵਨ ਬਤੀਤ ਕਰ ਸਕਣ। ਭਾਰਤ ਦੇ ਲੋਕਾਂ ਨੂੰ ਵਿਚਾਰ ਪ੍ਰਗਟਾਉਣ, ਸੰਘ ਬਣਾਉਣ, ਆਪਣੇ ਨੇਤਾਵਾਂ ਦੀ ਚੋਣ ਕਰਨ, ਇਕੱਠੇ ਹੋਣ, ਸਰਕਾਰ ਦੀਆਂ ਗਲਤ ਨੀਤੀਆਂ ਦੀ ਆਲੋਚਨਾ ਕਰਨ ਦੀ, ਵਿਸ਼ਵਾਸ ਤੇ ਉਪਾਸ਼ਨਾ ਦੀ ਆਜ਼ਾਦੀ ਮਿਲੀ ਹੋਈ ਹੈ। ਜੋ ਕਿ ਲੋਕਤੰਤਰੀ ਦੇਸ਼ ਦੇ ਮੁੱਖ ਤੱਤ ਹਨ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਲੋਕਤੰਤਰੀ ਦੇਸ਼ ਅੰਦਰ ਸਰਕਾਰ ਦੀ ਚੋਣ ਕੌਣ ਕਰਦੇ ਹਨ? (2)
2. ਸਮਾਨਤਾ ਦਾ ਅਧਿਕਾਰ ਕੀ ਹੈ? (2)
3. ਭਾਰਤੀ ਸੰਵਿਧਾਨ ਵਿੱਚ ਕਿਨ੍ਹਾਂ ਲੋਕਾਂ ਲਈ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ? (2)

6. ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਦੋ ਤਰ੍ਹਾਂ ਦੀ ਕਾਰਜ ਪਾਲਿਕਾ ਹੁੰਦੀ ਹੈ। ਨਾਂ-ਮਾਤਰ ਦੀ ਕਾਰਜਪਾਲਿਕਾ ਅਤੇ ਅਸਲ ਕਾਰਜਪਾਲਿਕਾ, ਰਾਸ਼ਟਰਪਤੀ

ਦੇਸ਼ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ। ਪਰ ਸੰਸਦੀ ਢਾਂਚੇ ਕਾਰਣ ਰਾਸ਼ਟਰਪਤੀ ਨਾਂ-ਮਾਤਰ ਦੇ ਮੁਖੀ ਹਨ। ਰਾਸ਼ਟਰਪਤੀ ਦੀ ਚੋਣ, ਅਪ੍ਰਤੱਖ ਚੋਣ ਪ੍ਰਣਾਲੀ ਰਾਹੀਂ ਸੰਸਦ ਤੇ ਵਿਧਾਨ ਸਭਾਵਾਂ ਦੇ ਮੈਂਬਰ ਕਰਦੇ ਹਨ। ਰਾਸ਼ਟਰਪਤੀ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ। ਰਾਸ਼ਟਰਪਤੀ ਕੋਲ ਵਿਧਾਨਿਕ, ਕਾਰਜਪਾਲਿਕਾ ਅਤੇ ਨਿਆਂਇਕ ਸ਼ਕਤੀਆਂ ਹੁੰਦੀਆਂ ਹਨ ਪਰ ਉਹ ਅਸਲ ਵਿੱਚ ਉਹਨਾਂ ਸ਼ਕਤੀਆਂ ਦੀ ਵਰਤੋਂ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ। ਉਹ ਇਹਨਾਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਨਾਲ ਕਰਦਾ ਹੈ। ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਮੰਤਰੀ ਮੰਡਲ ਵਿੱਚ ਇੱਕ ਕੜੀ ਦੀ ਭੂਮਿਕਾ ਨਿਭਾਉਂਦਾ ਹੈ। ਮੰਤਰੀ- ਮੰਡਲ ਦੇ ਫੈਸਲਿਆਂ ਦੀ ਰਾਸ਼ਟਰਪਤੀ ਨੂੰ ਸੂਚਨਾ ਦੇਣੀ ਪ੍ਰਧਾਨ ਮੰਤਰੀ ਦਾ ਸੰਵਿਧਾਨਿਕ ਕਰਤੱਵ ਹੈ। ਰਾਸ਼ਟਰਪਤੀ ਆਪ ਵੀ ਕਿਸੇ ਵਿਭਾਗ ਬਾਰੇ ਸੂਚਨਾ, ਪ੍ਰਧਾਨ ਮੰਤਰੀ ਤੋਂ ਪ੍ਰਾਪਤ ਕਰ ਸਕਦਾ ਹੈ। ਜੇਕਰ ਕੋਈ ਮੰਤਰੀ ਰਾਸ਼ਟਰਪਤੀ ਨੂੰ ਮਿਲਣਾ ਚਾਹੇ ਜਾਂ ਸਲਾਹ ਲੈਣਾ ਚਾਹੇ ਤਾਂ ਉਹ ਪ੍ਰਧਾਨ ਮੰਤਰੀ ਰਾਹੀਂ ਹੀ ਅਜਿਹਾ ਕਰ ਸਕਦਾ ਹੈ।

**ਉਪਰੋਕਤ ਪੈਰੇ ਨੂੰ ਪੜਨ ਉਪਰੰਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਕਿੰਨ੍ਹੇ ਤਰ੍ਹਾਂ ਦੀ ਕਾਰਜਪਾਲਿਕਾ ਹੁੰਦੀ ਹੈ?
2. ਰਾਸ਼ਟਰਪਤੀ ਅਤੇ ਮੰਤਰੀ ਮੰਡਲ ਵਿਚਕਾਰ ਕੜੀ ਦੀ ਭੂਮਿਕਾ ਕੌਣ ਨਿਭਾਉਂਦਾ ਹੈ?
3. ਰਾਸ਼ਟਰਪਤੀ ਦੀ ਚੋਣ ਕਿਹੜੀ ਪ੍ਰਣਾਲੀ ਦੁਆਰਾ ਕੀਤੀ ਜਾਂਦੀ ਹੈ?

7. ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ। ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ। ਵਿਧਾਨ ਮੰਡਲ ਅਰਥਾਤ ਸੰਸਦ ਦਾ ਮੁੱਖ ਕੰਮ ਕਾਨੂੰਨ ਬਣਾਉਣਾ ਹੈ। ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਦੋਨਾਂ ਸਦਨਾਂ ਵਿੱਚੋਂ ਬਿੱਲ ਪਾਸ ਹੋਣ ਮਗਰੋਂ ਹੀ ਹਰੇਕ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਸਿਰਫ਼ ਧਨ ਬਿੱਲ ਜਾਂ ਵਿੱਤੀ ਬਿੱਲ ਹੀ ਲੋਕ ਸਭਾ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਦੋਵੇਂ ਸਦਨਾਂ ਵਿੱਚ ਬਿੱਲ ਸੰਬੰਧੀ ਮੱਤਭੇਦਾਂ ਨੂੰ ਦੂਰ ਕਰਨ ਲਈ ਰਾਸ਼ਟਰਪਤੀ ਦੋਵੇਂ ਸਦਨਾਂ ਦਾ ਸਾਂਝਾ ਸਮਾਗਮ ਬੁਲਾਉਂਦਾ ਹੈ। ਬਿੱਲ ਨੂੰ ਕਾਨੂੰਨ ਬਣਨ ਲਈ ਕਈ ਪੜ੍ਹਤਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਸੋ ਸੰਸਦ ਹੀ ਕਾਨੂੰਨ ਬਣਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਹੈ। ਸੰਸਦ ਦੁਆਰਾ ਬਣਾਏ ਕਾਨੂੰਨ ਸਰਵ-ਉੱਚ ਹੁੰਦੇ ਹਨ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਸਰਕਾਰ ਦੇ ਤਿੰਨ ਮੁੱਖ ਅੰਗ ਕਿਹੜੇ ਹਨ? (2)
2. ਬਿੱਲ ਪਾਸ ਹੋਣ ਮਗਰੋਂ ਕਿਸ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। (2)
3. ਰਾਸ਼ਟਰਪਤੀ ਦੋਵਾਂ ਸਦਨਾਂ ਦੇ ਮੱਤਭੇਦਾਂ ਨੂੰ ਦੂਰ ਕਰਨ ਲਈ ਕੀ ਕਰਦਾ ਹੈ? (2)

**Scan this QR Code for Practice of maps**

MGSS7

**ਯੋਗਦਾਨ: ਹਰਦਵਿੰਦਰ ਸਿੰਘ, (ਲੈਕ. ਅੰਗਰੇਜ਼ੀ), SOE for Girls ਚਮਕੌਰ ਸਾਹਿਬ, ਰੂਪਨਗਰ**

**ਰਣਜੀਤ ਕੌਰ (ਲੈਕ. ਇਤਿਹਾਸ) ਸ.ਸ.ਸ.ਸਕੂਲ ਛੀਨਾ ਬੇਟ, ਗੁਰਦਾਸਪੁਰ ਅਤੇ**

**ਸਰਬਜੀਤ ਕੌਰ (ਸ.ਸ.ਮਿਸਟ੍ਰੈਸ) ਸ.ਸ.ਸ.ਸਕੂਲ ਰੰਘੜਿਆਲ, ਮਾਨਸਾ**